1920 ਤੋਂ

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਜਿਲਦ 102
ਨੰਬਰ 23

੧੭ ਪੋਹ ਤੋਂ ੨ ਮਾਘ ੨੦੭੯ ਬਿ.
1 to 15 January 2023

# ਸਤਿਜੁਗ



10/-

# ਸ੍ਰੀ ਸਤਿਗੁਰੂ ਜੀ ਦੇ ਐਮ. ਪੀ ਦੌਰੇ ਦੀਆਂ ਯਾਦਗਾਰੀ ਤਸਵੀਰਾਂ




















ਸਤਿਜੁਗ

੧੭ ਪੋਹ ਤੋਂ ੨ ਮਾਘ ੨੦੭੯ ਬਿ.

1 ਤੋਂ 15 ਜਨਵਰੀ 2023 ਈ.

ਜਿਲਦ 102, ਨੰਬਰ 23

ਸਲਾਹਕਾਰ ਮੈਂਬਰ

ਹਰਵਿੰਦਰ ਸਿੰਘ ਹੰਸਪਾਲ
ਸੁਵਰਨ ਸਿੰਘ ਵਿਰਕ
ਹਰਪਾਲ ਸਿੰਘ ਸੇਵਕ
ਸੰਤ ਨਿਸ਼ਾਨ ਸਿੰਘ
ਗੁਰਭੇਜ ਸਿੰਘ ਗੁਰਾਇਆ

ਸੰਪਾਦਕ

ਜਸਵੰਤ ਸਿੰਘ ਮਸਤ
ਗੁਰਲਾਲ ਸਿੰਘ
ਭਜਨ ਸਿੰਘ

*Printed and Published by
Mr. Harvendra Singh Hanspal
on behalf of Namdhari Darbar.
Printed at Summit advertising press,
2DLF (Part), Moti Nagar, New Delhi
and Published from Namdhari Gurdwara,
Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***

ਹਾਕਮ ਸਿੰਘ, ਯੁਵਰਾਜ ਸਿੰਘ
ਤਰਨ ਬੱਲ

**ਪੱਤਰ ਵਿਹਾਰ ਦਾ ਪਤਾ :**
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 98550-58178
89267-83000, 98155-75099
***Email- Satjug@sribhainisahib.com***

# ਤਤਕਰਾ

* ਸੰਪਾਦਕੀ........................................................4

* ਗੁਰਬਾਣੀ ਵਿਆਖਿਆ..........................................6

* ਤ੍ਰਿਬਿਧਿ ਜੋਗ
ਸੰਤ ਗੁਰੂਬਚਨ ਸਿੰਘ ਨਾਮਧਾਰੀ.........................8

* ਗੁਰਮਤਿ ਅਨੁਸਾਰ ਸਫੈਦ ਬਸਤਰ ਅਤੇ ਸਫੈਦ ਨਿਸ਼ਾਨ ਸਾਹਿਬ
ਦੇਵਿੰਦਰ ਸਿੰਘ ਗਿੱਲ (ਜੀਆ ਨੱਥਾ)....................11

* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
ਸਵ. ਪ੍ਰੀਤਮ ਸਿੰਘ ਕਵੀ..............................17

* Just how safe are cosmetics on the european market?
R & T Associate.............................................19

* A Saga of Sri Satguru Jagjit Singh ji
Dr. Sharada Jayagovind...........................22

* ਖ਼ਬਰਨਾਮਾ....................................................24

* Matrimonial............................................................42

ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।




# ਸੰਪਾਦਕੀ

ਆਦਿ ਸਮੇਂ ਤੋਂ ਹੀ ਜਗਿਆਸੂ ਜੀਵਨ ਦੀਆਂ ਵੱਖ-ਵੱਖ ਸਮੱਸਿਆਵਾਂ ਲੈ ਕੇ ਗੁਰੂ ਸਾਹਿਬਾਨਾਂ ਕੋਲ ਆਉਂਦੇ ਰਹੇ ਹਨ। ਸਤਿਗੁਰੂ ਜੀ ਉਹ ਵਿਧੀ/ਢੰਗ ਦਸਦੇ ਜਿਸ ਨਾਲ ਜਗਿਆਸੂ ਦਾ ਜੀਵਨ ਸਹਿਜਤਾ ਵਾਲਾ ਹੋ ਜਾਵੇ ਤੇ ਨਾਲ ਹੀ ਉਹ ਘਰ ਬੈਠਿਆਂ ਹੀ 'ਪਰਮ ਪਦ' ਦਾ ਅਧਿਕਾਰੀ ਬਣ ਜਾਵੇ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਬਾਰ ਕਰਤਾਰਪੁਰ ਵਿਚ ਭਾਈ ਕਾਲੂ ਆਇਆ। ਸੰਗਤਾਂ ਨੂੰ ਸੇਵਾ, ਸਿਮਰਨ ਕਰਦਿਆਂ ਵੇਖ ਉਸ ਨੇ ਆਪਣੇ ਮਨ ਦਾ ਸਵਾਲ ਗੁਰੂ ਜੀ ਨੂੰ ਕੀਤਾ। ਸਵਾਲ ਸੀ- "ਸਨਮੁੱਖ ਕਿਸ ਨੂੰ ਕਹਿੰਦੇ ਹਨ?" ਗੁਰੂ ਜੀ ਕਿਹਾ "ਜੋ ਮਾੜੇ ਕੰਮਾ ਨੂੰ ਪਿੱਠ ਦੇ ਕੇ ਸ਼ੁਭ ਗੁਣਾ ਨੂੰ ਧਾਰਨ ਕਰ ਆਪਣੇ ਗੁਰੂ ਵੱਲ ਮੁੱਖ ਕਰੇ ਅਤੇ ਸਨਮੁੱਖ ਉਹ ਹੈ ਜਿਸ ਵਿੱਚ ਇਹ ਚਾਰ ਗੁਣ ਹੁੰਦੇ ਹਨ। ਮੈਤ੍ਰੀ, ਕਰੁਣਾ, ਮੁਕਤਾ, ਉਪੇਖਿਆ।

ਭਾਈ ਕਾਲੂ ਨੇ ਕਿਹਾ, ਗਰੀਬ ਨਿਵਾਜ਼ ਮੈਨੂੰ ਇਨ੍ਹਾਂ ਚਾਰੇ ਗੁਣਾਂ ਬਾਰੇ ਦੱਸਿਆ ਜਾਵੇ, ਤਾਂ ਕਿ ਮੈਂ ਸਨਮੁੱਖ ਦੀ ਅਵਸਥਾ ਪ੍ਰਾਪਤ ਕਰ ਸਕਾਂ।

ਗੁਰੂ ਜੀ ਬਚਨ ਕੀਤਾ "ਮੈਤ੍ਰੀ ਤੋਂ ਭਾਵ ਹੈ ਕਿ ਕਿਸੇ ਵੀ ਮਨੁੱਖ ਨੂੰ ਸਾਰੇ ਸੁੱਖ ਨਸੀਬ ਨਹੀਂ ਹੁੰਦੇ ਪਰ ਜੇ ਉਹ ਸਭ ਨੂੰ

ਆਪਣਾ ਮਿੱਤਰ ਸਮਝੇ ਤੇ ਦੂਜੇ ਦੇ ਸੁਖ ਨੂੰ ਦੇਖ ਸੁਖੀ ਹੋਵੇ। ਇਹ ਹੈ ਮੈਤ੍ਰੀ ਗੁਣ।

ਦੂਜਾ ਹੈ ਕਰੁਣ: ਭਾਵ ਜੇ ਕੋਈ ਧਨ, ਵਿਦਿਆ ਅਤੇ ਬਲ ਕਰਕੇ ਕਮਜ਼ੋਰ ਹੋਵੇ ਤਾਂ ਉਸ ਦਾ ਮਜਾਕ ਨਾ ਬਣਾਵੇ ਸਗੋਂ ਯਥਾਯੋਗ ਉਸ ਦੀ ਮੱਦਦ ਕਰੇ। ਕਦੇ ਹੰਕਾਰ ਮਨ ਵਿੱਚ ਨਾ ਲਿਆਵੇ।

ਤੀਜਾ ਹੈ: ਮੁਦਤਾ ਇਸ ਤੋਂ ਭਾਵ ਹੈ ਜੇ ਤੁਹਾਡੇ ਨਾਲੋਂ ਕੋਈ ਬੁੱਧੀ, ਗੁਣ ਅਤੇ ਵਿਦਿਆ ਕਰਕੇ ਵੱਡਾ ਹੈ ਤਾਂ ਉਸ ਨੂੰ ਸਤਿਕਾਰ ਦੇਵੇ ਅਤੇ ਇਹ ਸੋਚ ਕਿ ਪ੍ਰਸੰਨ ਹੋਵੇ ਕਿ ਮੇਰੇ ਪ੍ਰਭੂ ਨੇ ਇਸ ਤਰ੍ਹਾਂ ਦੇ ਗਿਆਨੀ ਪੁਰਸ਼ ਸੰਸਾਰ ਵਿੱਚ ਬਣਾਏ ਹਨ।

ਚੌਥਾ ਹੈ ਉਪੇਖਿਆ: ਇਸ ਤੋਂ ਭਾਵ ਹੈ ਆਪਣੀ ਮੱਤ ਅਤੇ ਸਮਰੱਥਾ ਅਨੁਸਾਰ ਆਪਣੇ ਗੁਰੂ ਦੇ ਉਪਦੇਸ਼ ਦਾ ਪ੍ਰਚਾਰ ਕਰੇ। ਇਹ ਚਾਰ ਗੁਣ ਜਿਸ ਵਿੱਚ ਹੋਣਗੇ ਉਸ ਦਾ ਜੀਵਨ ਸਰਲ, ਸੋਹਣਾ ਤੇ ਸੋਭਾ ਵਾਲਾ ਹੋਵੇਗਾ। ਇਹ ਚਾਰ ਉਪਦੇਸ਼ ਕਮਾ ਕੇ ਭਾਈ ਕਾਲੂ ਸਨਮੁੱਖ ਸਿੱਖ, ਗੁਰੂ ਨਾਨਕ ਦੇਵ ਜੀ ਦਾ ਬਣਿਆ। ਭਾਈ ਗੁਰਦਾਸ ਜੀ ਲਿਖਦੇ ਹਨ–

ਸਨਮੁਖਿ ਕਾਲੂ ਆਸ ਧਾਰ ਗੁਰਬਾਣੀ ਦਰਗਹ ਸਾਬਾਸੀ॥

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਸਤਿਗੁਰੂ ਜੀ ਦੇ ਦਰਬਾਰ ਵਿੱਚ ਭਾਈ ਭਗਤਾ ਤੇ ਭਾਈ ਜਾਪੂ ਆਉਂਦੇ ਹਨ ਤਾਂ ਉਹ ਗੁਰੂ ਜੀ ਨੂੰ ਆਪਣੇ ਮਨ ਦੀ ਸੰਕਾ ਦੱਸਦੇ ਕਹਿੰਦੇ ਨੇ ਕਿ ਅਸੀਂ ਤਾਂ ਕੁਝ ਪੜ੍ਹੇ ਲਿਖੇ ਨਹੀਂ। ਸਾਡੀ ਬੁੱਧ ਵੀ ਤੇਜ ਨਹੀਂ। ਸਾਡਾ ਉਦਾਰ ਕਿਸ ਤਰ੍ਹਾਂ ਹੋਵੇਗਾ।

ਸੁਨਿ ਕੈ ਬੋਲੇ ਸ੍ਰੀ ਗੁਰ ਤਬਿਹੀ। ਮਨਮੁਖ ਕਰਮ ਤਜਹੁ ਜੇ ਸਭ ਹੀ॥
ਤਬਿ ਹੋਵਹਿ ਕਲਯਾਨ ਤੁਮਾਰਾ। ਬਹੁਰ ਨਾ ਪਾਵਹੁਗੇ ਸੰਸਾਰਾ॥

(ਗੁਰ ਪ੍ਰਤਾਪ ਸੂਰਜ ਗ੍ਰੰਥ)

ਸਤਿਗੁਰੂ ਜੀ ਨੇ ਕਿਹਾ ਮਨਮੁੱਖਾਂ ਵਾਲੇ ਕਰਮ ਤਿਆਗ ਦੇਵੋ। ਤੁਹਾਡਾ ਜੀਵਨ ਦਾ ਉਦਾਰ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਮਨਮੁੱਖਾਂ ਦੇ ਕਰਮ ਕੀ ਹਨ? ਸਤਿਗੁਰੂ ਜੀ ਕਿਹਾ ਈਰਖਾ, ਅਕ੍ਰਣਾ (ਆਕੜ), ਨਿੰਦਾ ਅਤੇ ਹੱਠ। ਇਹ ਚਾਰ ਅਵਗੁਣ ਮਨਮੁੱਖ ਵਿੱਚ ਹੁੰਦੇ ਹਨ। ਭਾਈ ਭਗਤਾ ਤੇ ਜਾਪੂ ਕਹਿਣ ਲੱਗੇ ਜੀ ਵਿਸਥਾਰ ਨਾਲ ਸਮਝਾ ਦਿਓ। ਗੁਰੂ ਜੀ ਬਚਨ ਕੀਤਾ ਜੋ ਮਨਮੁੱਖ ਹੁੰਦਾ ਹੈ ਉਸ ਵਿੱਚ ਇਹ ਚਾਰ ਅਵਗੁਣ ਹੁੰਦੇ ਹਨ।

ਪਹਿਲਾ ਹੈ ਈਰਖਾ: ਉਹ ਹਮੇਸ਼ਾਂ ਸੋਚਦਾ ਹੈ ਕਿ ਸੰਸਾਰ ਦੇ ਸਾਰੇ ਸੁੱਖ ਮੇਰੇ ਕੋਲ ਹੋਵਣ ਅਤੇ ਕਿਸੇ ਦੇ ਗੁਣ, ਧਨ, ਵਿਦਿਆ ਤੋਂ ਪ੍ਰਸੰਨ ਨਾ ਹੋਣਾ ਸਭ ਨੂੰ ਵੈਰੀ ਸਮਝਣਾ। ਇਹ ਈਰਖਾ ਮਨਮੁੱਖ ਦਾ ਪਹਿਲਾ ਲੱਛਣ ਹੈ।

ਦੂਜਾ ਹੈ ਅਕ੍ਰਣਾ (ਆਕੜ)– ਸਦਾ ਹਉਮੈ ਵਿੱਚ ਰਹਿਣਾ। ਸਭ ਨੂੰ ਆਪਣੇ ਆਪ ਤੋਂ ਛੋਟਾ ਸਮਝਣਾ। ਗਿਆਨ ਦੀ ਗੱਲ ਨਾ ਪੁੱਛਣੀ, ਨਾ ਦੱਸਣੀ, ਜੇ ਕੋਈ ਕੁਝ ਪੁੱਛੇ ਤਾਂ ਉਸ 'ਤੇ ਹੱਸਣਾ ਹਮੇਸ਼ਾ ਇਹ ਸੋਚਣਾ ਮੇਰੇ ਵਰਗਾ ਕੋਈ ਨਹੀਂ।

ਜੇ ਨਿਜ ਤੇ ਘਟਿ ਦੇ ਖਹਿ ਤੇਈ॥ ਤਿਹਕੋ ਮਤਿ ਨਹਿ ਕੈਸੇ ਦੇਈ
ਹਾਸੀ ਕਰੈ ਧਰੈਂ ਹੰਕਾਰਾ॥ ਇਹੁ ਨਹਿ ਸਮ ਆਬੁਧਿ ਉਦਾਰਾ

ਤੀਸਰਾ ਹੈ ਨਿੰਦਾ: ਮਨਮੁਖ ਹਮੇਸ਼ਾ ਸ਼ੁੱਭ ਗੁਣਾਂ ਵਾਲੇ ਵਿਅਕਤੀ ਨਾਲ ਈਰਖਾ ਕਰਦਾ ਹੋਇਆ ਉਸ ਦੀ ਨਿੰਦਾ ਕਰਦਾ ਹੈ। ਉਹ ਕਿਸੇ ਦੀ ਉਸਤਤੀ ਨਹੀਂ ਸਹਾਰ ਸਕਦਾ ਸਗੋਂ ਗੁਣੀ ਵਿਅਕਤੀ ਤੇ ਹੱਸਦਾ ਹੈ।

ਚੌਥਾ ਹੈ ਹੱਠ: ਮਨਮੁਖ ਹਰੇਕ ਨੂੰ ਆਪਣੀ ਗੱਲ ਮਨਵਾਉਣਾ ਚਾਹੁੰਦਾ ਹੈ। ਉਹ ਕਿਸੇ ਦੀ ਗੱਲ ਸੁਨਣੀ ਪਸੰਦ ਨਹੀਂ ਕਰਦਾ। ਝੂਠੀ ਗੱਲ ਕਰ ਉਸ ਨੂੰ ਹੱਠ ਨਾਲ ਮਨਵਾਉਣ ਦੀ ਕੋਸ਼ਿਸ਼ ਕਰਦਾ ਹੈ।

ਗੁਰੂ ਨਾਨਕ ਦੇਵ ਜੀ ਕਿਹਾ "ਭਾਈ ਇਹਨਾਂ ਚਾਰਾਂ ਅਵਗੁਣਾ ਤੋਂ ਜੋ ਬਚ ਜਾਵੇ ਉਹ ਮਨਮੁਖੀ ਤੋਂ ਬਚ ਸਕਦਾ ਹੈ। ਇਹ ਸਨਮੁਖ ਅਤੇ ਮਨਮੁੱਖ ਦਾ ਉਪਦੇਸ਼ ਹਰ ਵਿਅਕਤੀ ਲਈ ਵਿਚਾਰਨਾ ਜ਼ਰੂਰੀ ਹੈ। ਜੋ ਆਪਣੀ ਜ਼ਿੰਦਗੀ ਵਿੱਚ ਸਨਮੁੱਖ ਦੇ ਚਾਰ ਗੁਣਾ ਨੂੰ ਧਾਰਨ ਕਰ ਲਵੇ ਅਤੇ ਮਨਮੁੱਖੀ ਅਵਗੁਣਾਂ ਨੂੰ ਤਿਆਗ ਦੇਵੇ ਉਹ ਆਪਣੀ ਜ਼ਿੰਦਗੀ ਨੂੰ ਸਹਿਜ ਅਤੇ ਅਨੰਦਿਤ ਕਰ ਸਕਦਾ ਹੈ।

# ਗੁਰਬਾਣੀ ਵਿਆਖਿਆ - ਜਾਪੁ

**ਨਮੋ ਸਰਬ ਮਾਨੇ॥ ਸਮਸਤੀ ਨਿਧਾਨੇ॥੬੪॥**
ਸਾਰਿਆਂ ਦੇ ਭੰਡਾਰ-ਸਰੂਪ ਅਤੇ ਸਾਰਿਆਂ ਦੇ ਪੂਜਣ ਯੋਗ ਨੂੰ ਨਮਸਕਾਰ ਹੈ।
The treasure of all and adorable to all, O God! I bow in salutation before you.
You are the resource of all and worthy of worship, Salutations to You.

**ਨਮਸਤ੍ਵੰ ਨ੍ਰਿਨਾਥੇ॥ ਨਮਸਤ੍ਵੰ ਪ੍ਰਮਾਥੇ॥**
ਸੁਤੰਤ੍ਰ ਅਤੇ ਉੱਤਮ ਪ੍ਰਭੂ! ਤੈਨੂੰ ਨਮਸਕਾਰ ਹੈ।
O free and highest God! I bow in salutation before you.
O, independent and Supreme God! Salutations to You.

**ਨਮਸਤ੍ਵੰ ਅਗੰਜੇ॥ ਨਮਸਤ੍ਵੰ ਅਭੰਜੇ॥੬੫॥**
ਅਜਿੱਤ ਅਤੇ ਅਬਿਨਾਸੀ ਪ੍ਰਭੂ! ਤੈਨੂੰ ਨਮਸਕਾਰ ਹੈ।
O invincible and indestructible God! I bow in salutation before you.
O, invincible and indestructible God! Salutations to You.

**ਨਮਸਤ੍ਵੰ ਅਕਾਲੇ॥ ਨਮਸਤ੍ਵੰ ਅਪਾਲੇ॥**
ਕਾਲ ਅਤੇ ਪਾਲਣਾਂ ਤੋਂ ਰਹਿਤ ਪ੍ਰਭੂ! ਤੈਨੂੰ ਨਮਸਕਾਰ ਹੈ।
Beyond Time and any adherence to it O God!
O, God! free from death and support, Salutations to You.

**ਨਮੋ ਸਰਬ ਦੇਸੇ॥ ਨਮੋ ਸਰਬ ਭੇਸੇ॥੬੬॥**
ਸਾਰਿਆਂ ਦੇਸਾਂ ਅਤੇ ਭੇਖਾਂ ਵਾਲੇ ਨੂੰ ਨਮਸਕਾਰ ਹੈ।
I salute the one who lives everywhere and in every appearance.
O, God belonging to all countries and forms, Salutations to You.

**ਨਮੋ ਰਾਜ ਰਾਜੇ॥ ਨਮੋ ਸਾਜ ਸਾਜੇ॥**
ਰਾਜਿਆਂ ਦੇ ਰਾਜੇ ਅਤੇ ਸ੍ਰਿਸਟੀ ਦੀ ਸਾਜਣਾ ਕਰਨ ਵਾਲੇ ਨੂੰ ਨਮਸਕਾਰ ਹੈ।
O God! The king of kings and creator of the universe, I bow in salutation before you.
O, God! the king of all kings and Creator of the universe, Salutations to You.

**ਨਮੋ ਸਾਹ ਸਾਹੇ॥ ਨਮੋ ਮਾਹ ਮਾਹੇ॥੬੭॥**
ਸ਼ਾਹਾਂ ਦੇ ਸ਼ਾਹ ਅਤੇ ਚੰਦਰਮਾਂ ਦੇ ਚੰਦਰਮਾ ਭਾਵ ਅਤੀ ਸੁੰਦਰ ਨੂੰ ਨਮਸਕਾਰ ਹੈ।
The richest of the rich and moon of the moons, O God! I bow in salutation before you.
O, God! Resource of the emperors and the most charming, Salutations to You.

**ਨਮੋ ਗੀਤ ਗੀਤੇ॥ ਨਮੋ ਪ੍ਰੀਤ ਪ੍ਰੀਤੇ॥**

ਗੀਤਾਂ ਵਿੱਚ ਗੀਤ-ਰੂਪ ਅਤੇ ਪ੍ਰੀਤਾਂ ਨਾਲ ਪ੍ਰੀਤ-ਰੂਪ ਨੂੰ ਨਮਸਕਾਰ ਹੈ।

Song among the songs and love-incarnate in the domain of love,
O God! I bow in salutation before you.
O, God! the Music of the songs, Love of the affections, Salutations to You.

**ਨਮੋ ਰੋਖ ਰੋਖੇ॥ਨਮੋ ਸੋਖ ਸੋਖੇ॥੬੮॥**

ਗੁੱਸੇ ਵਿੱਚ ਗੁੱਸੇ-ਰੂਪ ਅਤੇ ਖੁਸ਼ਕ ਵਿੱਚ ਖੁਸ਼ਕ-ਰੂਪ ਪ੍ਰਭੂ! ਤੈਨੂੰ ਨਮਸਕਾਰ ਹੈ।

Wrath-incarnate in anger and driest in dryness, O God! I bow in salutation before you.
O, God! the wrath of the angers, the aridness of the droughts, Salutations to You.

**ਨਮੋ ਸਰਬ ਰੋਗੇ॥ ਨਮੋ ਸਰਬ ਭੋਗੇ॥**

ਸਾਰੇ ਰੋਗਾਂ ਨੂੰ ਪੈਦਾ ਕਰਨ ਵਾਲੇ ਅਤੇ ਸਾਰੇ ਭੋਗਾਂ ਦੇ ਭੋਗਣ ਵਾਲੇ
ਸਰੂਪ ਨੂੰ ਨਮਸਕਾਰ ਹੈ।

The creator of all diseases and the consumer of all juices of life,
O God! I bow in salutation before you.
O, God! The creator of all sufferings and the enjoyer of all goods, Salutations to You.

**ਨਮੋ ਸਰਬ ਜੀਤੰ॥ ਨਮੋ ਸਰਬ ਭੀਤੰ॥੬੯॥**

ਵਿਸ਼ਵ ਜੇਤੂ ਅਤੇ ਸਭ ਨੂੰ ਭੈ ਦੇਣ ਵਾਲੇ ਪ੍ਰਭੂ! ਤੈਨੂੰ ਨਮਸਕਾਰ ਹੈ।

The conqueror of world and frightener of all, O God! I bow in salutation before you.
O, God! The conqueror and frightener of all, salutations to You.

**ਨਮੋ ਸਰਬ ਗਿਆਨੰ॥ ਨਮੋ ਪਰਮ ਤਾਨੰ॥**

ਹਰ ਪ੍ਰਕਾਰ ਦੇ ਗਿਆਨ ਸਰੂਪ ਅਤੇ ਮਹਾਨ ਬਲ ਵਾਲੇ ਤੈਨੂੰ ਨਮਸਕਾਰ ਹੈ।

Epitome of knowledge and great strength, O God! I bow in salutation before you.
Omniscient and ever-strong God, Salutations to You.

**ਨਮੋ ਸਰਬ ਮੰਤ੍ਰੰ॥ ਨਮੋ ਸਰਬ ਜੰਤ੍ਰੰ॥੭੦॥**

ਸਾਰੇ ਮੰਤ੍ਰਾਂ ਅਤੇ ਜੰਤ੍ਰਾਂ ਦੇ ਸਰੂਪ ਪ੍ਰਭੂ! ਤੈਨੂੰ ਨਮਸਕਾਰ ਹੈ।

O God! The embodiment of all mantras and instruments, I bow in salutation before you.

**ਨਮੋ ਸਰਬ ਦ੍ਰਿਸੰ॥ ਨਮੋ ਸਰਬ ਕ੍ਰਿਸੰ॥**

ਸਾਰਿਆਂ ਨੂੰ ਵੇਖਣ ਵਾਲੇ ਅਤੇ ਲੁਭਾਉਣ ਵਾਲੇ ਪ੍ਰਭੂ! ਤੈਨੂੰ ਨਮਸਕਾਰ ਹੈ।

You, the seer of all and the charmer of all, I bow in salutation before you.
O, God! The beholder and charmer of all, Salutations to You.

**ਨਾਮਧਾਰੀ ਨਿਤਨੇਮ ਸਟੀਕ ਵਿੱਚੋਂ**

# ਤ੍ਰਿਬਿਧਿ ਜੋਗ



**ਸੰਤ ਗੁਰੂਬਚਨ ਸਿੰਘ ਨਾਮਧਾਰੀ**
**93160-51015**

ਯੋਗ ਦਾ ਖੇਤਰ ਬਹੁਤ ਵੱਡਾ ਹੈ। ਆਮ ਜਨ, ਕਪਾਲ ਭਾਂਤੀ, ਇਲੋਮ ਬਿਲੋਮ, ਅਤੇ ਕੁਝ ਆਸਨ ਜਿਹੇ ਕਸਰਤੀ ਕ੍ਰਿਤ ਨੂੰ ਯੋਗ ਸਮਝਦੇ ਹਨ। ਹਜ਼ਾਰਾਂ ਸਾਲ ਪਹਿਲਾਂ, ਮਹਾਂਰਿਸ਼ੀ ਪਤੰਜਲੀ ਨੇ ਯੋਗ ਸੂਤਰ ਲਿਖਿਆ। ਇਸ ਵਿਚ ਸਰੀਰ ਅਤੇ ਇਸ ਦੇ ਸੰਚਾਲਕ ਅੰਗ, ਜਿਵੇਂ ਮਨ, ਬੁੱਧੀ, ਇੰਦ੍ਰੀਆਂ ਨੂੰ ਅਨੁਸ਼ਾਸਤ ਕਰ ਕੇ, ਇਕ ਬਿੰਦੂ ਤੇ ਇਕਾਗਰ ਕਰਨ ਦੀਆਂ, ਕਈ ਵਿਧੀਆਂ ਨੂੰ ਯੋਗ ਵਿਚ ਸ਼ਾਮਲ ਕੀਤਾ ਗਿਆ। ਪੂਰਕ, ਕੁੰਭਕ ਅਤੇ ਰੇਚਕ, ਤਿੰਨ ਵਿਧੀਆਂ, ਚਿੱਤ ਦੀ ਇਕਾਗਰਤਾ ਲਈ ਸਹਾਇਕ ਦਸੀਆਂ ਗਈਆਂ।

ਪੂਰਕ : ਸਵਾਸ, ਪੂਰਾ ਖਿੱਚ ਕੇ ਅੰਦਰ ਲੈ ਜਾਣਾ।

ਕੁੰਭਕ : ਜਿਵੇਂ ਕੁੰਭ ਵਿਚ ਜਲ ਦਾ ਸੰਚੈ ਕਰਦੇ ਹਾਂ; ਉਵੇਂ, ਸਵਾਸਾਂ ਦਾ ਸੰਚੈ ਫੇਫੜਿਆਂ ਵਿਚ ਕਰਨਾ।

ਰੇਚਕ : ਸਵਾਸਾਂ 'ਚੋਂ ਪ੍ਰਾਣ ਊਰਜਾ ਰੂਪ ਆਕਸੀਜਨ ਨੂੰ ਫੇਫੜਿਆਂ ਵਿਚ ਸੋਖ ਕੇ, ਬਾਕੀ ਦੀ ਹਵਾ ਨੂੰ ਬਾਹਰ ਕੱਢ ਦੇਣਾ।

ਸਵਾਸ ਲੈਣ ਅਤੇ ਅੰਦਰ ਕੁਝ ਰੱਖ ਕੇ, ਛੱਡਣ ਦਾ ਕਾਰਜ, ਹਰ ਪ੍ਰਾਣੀ ਨਿਰੰਤਰ ਕਰਦਾ ਰਹਿੰਦਾ ਹੈ। ਰਿਸ਼ੀ ਨੇ ਇਸ ਕਾਰਜ ਨੂੰ, ਕੁਝ ਵਿਸ਼ੇਸ਼ ਸਾਵਧਾਨੀ ਅਤੇ ਹੋਸ਼ ਵਿਚ ਰਹਿ ਕੇ ਕਰਨ ਲਈ, ਤਿੰਨ ਨਾਮ ਅਤੇ ਤਿੰਨ ਵਿਧੀਆਂ ਦੇ ਨਾਲ ਜੋੜ ਕੇ, ਯੋਗ ਦਾ ਇਕ ਵੱਖਰਾ ਅਧਿਆਏ ਬਣਾਇਆ।

ਯੋਗ, ਤਿੰਨ ਤਲ ਤੇ ਕ੍ਰਿਆਸ਼ੀਲ ਰਹਿੰਦਾ ਹੈ। ਪਹਿਲਾ, ਸਧਾਰਣ ਵਿਆਯਾਮ ਅਤੇ ਆਸਨਾਂ ਰਾਹੀਂ, ਸਰੀਰ ਦੇ ਅੰਗਾਂ ਵਿਚ ਲਚੀਲਾਪਨ ਲਿਆ ਕੇ, ਸਵੱਸਥ ਸਰੀਰ ਦਾ ਸੰਕਲਪ ਪੂਰਾ ਕੀਤਾ ਜਾਏ।

ਦੂਜਾ ਤੱਲ, ਬਾਹਰੀ ਸੰਸਾਰ ਵੱਲ ਭਟਕਦੀ ਹੋਈਆਂ ਵਿਚਾਰ ਤਰੰਗਾਂ ਨੂੰ ਅੰਤਰਮੁਖੀ, ਆਪਣੇ ਅੰਦਰ ਮੋੜਨ ਦਾ ਪ੍ਰਯਾਸ। ਪ੍ਰਾਣਾਯਾਮ, ਵਿਪੱਸਨਾ ਆਦਿ ਕ੍ਰਿਆਵਾਂ, ਪ੍ਰਾਣੀ ਦਾ ਆਪਣੇ ਪ੍ਰਤੀ ਜਗਿਆਸੂ ਹੋਣ ਦਾ ਅਤੇ ਅੰਦਰਲੀ ਵਿਵਸਥਾ ਨਾਲ ਜਾਣਕਾਰੀ ਪੂਰਨ ਸੰਬੰਧ ਬਣਾ ਲੈਣ ਲਈ, ਇਕ ਵੱਖਰਾ ਅਧਿਆਏ ਹੈ।

ਤੀਜਾ ਤਲ, ਆਪਣੇ ਸਰੀਰ ਦੇ ਅੰਦਰ ਮੌਜੂਦ ਸ਼ਬਦ ਜਾਂ ਪੁਰਖ ਨਾਲ ਸੁਰਤਿ ਜਾਂ ਪ੍ਰਕ੍ਰਿਤੀ ਦਾ ਮਿਲਣ, ਕਰਵਾਉਣ ਦੀ ਪ੍ਰਕਿਰਿਆ। ਇਹ ਯੋਗ ਦਾ ਸਿਖਰ ਹੈ। ਪਤੰਜਲੀ ਇਸ ਯੋਗ ਦੀ ਵਿਆਖਿਆ ਕਰਦੇ ਹਨ-

ਯੋਗਸ ਚਿੱਤ ਵ੍ਤਿੀ ਨਿਰੋਧ

"ਤਦਾ ਸਟ੍ਰ ਸਵਰੂਪੇ ਅਵਸਥਾਨਮੁ

ਬਾਹਰ ਭਟਕਦੇ ਹੋਏ, ਚਿੱਤ ਦੀਆਂ ਬਿਰਤੀਆਂ ਨੂੰ ਰੋਕ ਕੇ, ਅੰਦਰ ਮੋੜ ਲੈਣਾ। ਇਸ ਕ੍ਰਿਆ ਨੂੰ ਆਪਣੀ ਇਕਾਗਰਤਾ ਅਤੇ ਦ੍ਰਿੜਤਾ ਨਾਲ, ਉਸ ਬਿੰਦੂ ਤੱਕ ਲੈ ਜਾਣਾ, ਪਹਾੜ ਦੇ ਸਿਖਰ ਤੱਕ, ਜਿਥੇ ਸਾਡਾ "ਨਿਜ ਰੂਪ" ਸਾਡੀ ਜੋਤਿ, ਸਾਡੀ ਜੀਵਾਤਮਾ ਬਿਰਾਜਮਾਨ ਹੈ। ਉਸ ਸਿਖਰ ਤੇ ਨਿਜ ਰੂਪ ਦਾ ਦਰਸ਼ਨ ਕਰਨਾ। ਇਹੋ ਥਾਂ, "ਪਰਮ ਪੁਰਖ ਕੀ ਘਾਟੀ", ਬੇਗਮਪੁਰਾ, ਸਵਰਗ ਜਾਂ ਦਿੱਵ ਲੋਕ ਜਿਹੇ ਨਾਵਾਂ ਨਾਲ ਯੋਗੀ ਜਨ ਸੰਬੋਧਤ ਕਰਦੇ ਹਨ।

ਗੁਰੂ ਨਾਨਕ ਪਾਤਸ਼ਾਹ ਨੇ, ਕਈ ਰਾਹਾਂ ਤੋਂ ਯੋਗ ਦੇ ਨਵੇਂ ਆਕਾਸ਼ ਖੋਲ੍ਹੇ। ਕਹਿੰਦੇ ਹਨ, ਰਾਮਕਲੀ ਰਾਗ ਵਿਚ, ਮੇਰੇ ਸਤਿਗੁਰ

"ਤ੍ਰਿਬਿਧਿ ਲੋਗਾ, ਤ੍ਰਿਬਿਧਿ ਜੋਗਾ॥
ਸਬਦ ਵੀਚਾਰੈ ਚੂਕਸਿ ਸੋਗਾ॥
ਊਜਲੁ ਸਾਚੁ ਸੁ ਸਬਦੁ ਹੋਇ।
ਜੋਗੀ ਜੁਗਤਿ ਵੀਚਾਰੇ ਸੋਇ॥ "

(ਪੰਨਾ 903)

ਤਿੰਨ ਤਰ੍ਹਾਂ ਦੇ ਲੋਕ ਸੰਸਾਰ 'ਤੇ ਹਨ। ਰਜੋ ਗੁਣੀ, ਸਤੋ ਗੁਣੀ ਅਤੇ ਤਮੋ ਗੁਣੀ। ਇਹਨਾਂ ਤਿੰਨ ਗੁਣਾਂ ਨਾਲ

ਸ੍ਰਿਸ਼ਟੀ, ਮਾਇਆ ਨੇ ਬਣਾਈ। ਪੰਜਵੇਂ ਪਾਤਸ਼ਾਹ, ਸੁਖਮਨੀ ਵਿਚ, ਇਹ ਵਿਸ਼ਾ ਖੋਲ੍ਹਦੇ ਹਨ-

"ਰਜ ਗੁਣ ਤਮ ਗੁਣ ਸਤ ਗੁਣ ਕਹੀਐ, ਇਹ ਤੇਰੀ ਸਭ ਮਾਇਆ॥

ਚਉਥੇ ਪਦ ਕਉ ਜੋ ਨਰੁ ਚੀਨੈ ਤਿਨ੍ ਹੀ ਪਰਮ ਪਦੁ ਪਾਇਆ॥"

ਤਿੰਨ ਗੁਣਾਂ-ਸੁਭਾਅ ਵਾਲਾ ਸੰਸਾਰ। ਇਸ ਤੋਂ ਉਪਰ, ਚਉਥੀ ਪਾਇਦਾਨ ਤੇ ਨਿਰਵਾਣ ਪਦ!

ਤਿੰਨ ਤਰ੍ਹਾਂ ਦੇ ਲੋਕ, ਤਿੰਨ ਤਰ੍ਹਾਂ ਦੇ ਕਰਮ, ਤਿੰਨ ਤਰ੍ਹਾਂ ਦੇ ਯੋਗ। ਕਰਮ ਤਿੰਨ ਤਲ ਤੇ ਹੋ ਰਹੇ ਹਨ; ਮਨਸਾ, ਵਾਚਾ, ਕਰਮਣਾ! ਮਨ ਤੋਂ ਕਿਸੇ ਪ੍ਰਤੀ ਮਾੜੀ-ਚੰਗੀ ਸੋਚ ! ਬੁੱਧੀ ਤੋਂ ਉਪਜੀ, ਕਿਸੇ ਪ੍ਰਤੀ ਪ੍ਰੀਤ ਦੀ ਸੋਚ ਜਾਂ ਕਿਸੇ ਪ੍ਰਤੀ ਵੈਰੀ ਸੋਚ, ਮਸਤਕ ਜਾਂ ਦਿਮਾਗ ਦੇ ਵਿਚ ਸਥਿਤ ਸੂਖਮ ਸੈੱਲ ਤੰਤੂਆਂ ਵਿਚ, ਰਸਾਇਨਕ ਪ੍ਰਤੀਕ੍ਰਿਆ ਹੁੰਦੀ ਹੈ। ਦਿਮਾਗੀ ਪ੍ਰਤੀਕ੍ਰਿਆ ਸਰੂਪ ਅਸੰਖਾਂ ਵਿਚਾਰ ਤਰੰਗਾਂ, ਵਾਯੂਮੰਡਲ ਵਿਚ ਤਰਦੀਆਂ ਹੋਈਆਂ ਦੂਰ ਤਕ, ਉਸ ਸੱਜਣ ਤੱਕ, ਜਿਸ ਪ੍ਰਤੀ ਸੋਚ ਉਪਜੀ ਹੈ, ਉਸ ਦੇ ਦਿਮਾਗੀ ਤਲ 'ਤੇ ਸਥਿਤ ਸੈੱਲ ਤੰਤੂਆਂ ਤੱਕ ਪਹੁੰਚ ਜਾਂਦੀਆਂ ਹਨ। ਘਰ ਬੈਠਿਆਂ ਹੀ, ਉਸ ਸ਼ਖ਼ਸ ਪਤੀ, ਸਾਡੇ ਵਿਚ ਵੀ ਪ੍ਰੇਮ ਜਾਂ ਘਿਰਨਾ ਦੇ ਭਾਵ ਉਤਪੰਨ ਹੋਣ ਲੱਗਦੇ ਹਨ।ਕੋਈ ਵਿਅਕਤੀ, ਪਹਿਲਾਂ ਕਦੇ ਨਹੀਂ ਮਿਲਿਆ। ਪਹਿਲੀ ਵਾਰ ਮਿਲਦਿਆਂ ਹੀ, ਉਹ ਮਾੜਾ ਜਾਂ ਬਹੁਤ ਪਿਆਰਾ-ਪਿਆਰਾ ਲੱਗਦਾ ਹੈ। ਦੁਨੀਆਂ ਦਾ ਮਸ਼ਹੂਰ ਮਨੋਵਿਗਿਆਨੀ 'ਫਰਾਇਡ" ਨੇ 19 ਵੀਂ ਸਦੀ ਵਿਚ, ਇਸ ਭਾਵ ਦਾ ਵਿਸ਼ਲੇਸ਼ਣ ਕੀਤਾ ਤਾਂ ਸਪੱਸ਼ਟ ਹੋਇਆ, ਇਸ ਜਨਮ ਵਿਚ ਜਾਂ ਪੂਰਬ ਜਨਮ ਵਿਚ, ਉਸ ਸ਼ਖ਼ਸ ਨੇ, ਮੇਰੇ ਪ੍ਰਤੀ ਬਹੁਤ ਮਾੜੀ ਸੋਚ ਜਾਂ ਵਿਵਹਾਰ ਰੱਖਿਆ। ਉਸ ਦੇ ਦਿਮਾਗੀ ਮੰਡਲ ਤੋਂ ਉਪਜੀਆਂ ਤਰੰਗਾਂ ਨੂੰ, ਤੁਹਾਡੇ ਦਿਮਾਗੀ ਮੰਡਲ ਨੇ ਸੰਚਿਤ ਕਰ ਲਿਆ। ਉਸੇ ਪੂਰਬ ਆਗ੍ਰਹਿ ਦੇ ਆਧਾਰ 'ਤੇ ਪ੍ਰੀਤ ਜਾਂ ਨਫ਼ਰਤ ਦਾ ਭਾਵ ਤੁਹਾਡੇ ਅੰਦਰ ਉਪਜਿਆ। ਇਹ ਕਰਮ ਦਾ ਪਹਿਲਾ ਤਲ ਹੈ, ਮਨ ਤੋਂ, ਬੁੱਧੀ ਤੋਂ, ਸੋਚ ਦਾ ਤਲ।

ਦੂਜਾ ਤਲ, ਵਚਨਾਂ ਕਰ ਕੇ ਕਿਸੇ ਨਾਲ ਮਾੜਾ ਜਾਂ ਚੰਗਾ ਵਿਵਹਾਰ ਕਰਨਾ। ਬੋਲ ਕੇ ਕਿਸੇ ਨੂੰ ਸੁਖੀ ਕਰਨਾ ਜਾਂ ਦੁਖੀ ਕਰਨਾ। ਮਹਾਂਭਾਰਤ ਦੇ ਅਨੁਸ਼ਾਸਨ ਪਰਵ ਵਿਚ, ਪ੍ਰਸੰਗ ਹੈ, ਜੰਗ ਮੁਕ ਗਈ। ਸਾਰੇ ਕੌਰਵ ਭਾਈ ਅਤੇ ਫ਼ੌਜ ਮਾਰੀ ਗਈ। ਧ੍ਰਿਤਰਾਸ਼ਟਰ, ਬਿਦਰ ਤੋਂ ਪੁੱਛਦਾ ਹੈ, ਬਿਦਰ, ਹਸਤਿਨਾਪੁਰ ਦੇ ਕੌਰਵ ਸਾਮਰਾਜ ਦਾ ਨਾਸ ਕਿਉਂ ਹੋਇਆ? ਤਾਂ ਬਿਦੁਰ ਕਹਿੰਦੇ ਹਨ-

ਰੋਹਿਤੇ ਸਾਇਕੇ ਵਿਧ: ਬਨ: ਪਰਸੂਨਾਂ ਹੱਤ<br>
ਵਾਚਾ ਦੁਰੁਕਤ: ਵਿਭਤਸ: ਨ ਸਰੋਹਤੀ ਵਾਕ ਛਤਮ॥

ਰਾਜਨ ! ਤੀਰਾਂ ਨਾਲ ਦਰਖ਼ਤ ਦੇ ਸਾਰੇ ਪੱਤੇ ਝਾੜ ਦਿੱਤੇ ਜਾਣ, ਤਾਂ ਕੁਝ ਸਮੇਂ ਬਾਅਦ, ਉਹ ਦਰੱਖਤ ਫੇਰ ਪੱਤਿਆਂ ਨਾਲ ਭਰ ਜਾਏਗਾ। ਕੁਹਾੜਾ ਲੈ ਕੇ ਜੰਗਲ ਦੇ ਸਾਰੇ ਦਰੱਖਤ ਵੱਢ ਦਿੱਤੇ ਜਾਣ ਤਾਂ ਸਮਾਂ ਪਾ ਕੇ ਉਹਨਾਂ ਦੀਆਂ ਰਹਿ ਗਈਆਂ ਜੜ੍ਹਾਂ ਫਿਰ ਪੁੰਗਰਦੀਆਂ ਹਨ- ਜੰਗਲ ਫਿਰ ਹਰਾ-ਭਰਾ ਹੋ ਜਾਂਦਾ ਹੈ। ਪਰ ਬੋਲੀ ਦੀ ਮਾਰ ਬਹੁਤ ਮਾੜੀ ਹੁੰਦੀ ਏ। ਇੱਕ ਵਾਰ ਕਾਲਜੇ ਵਿਚ ਚੁੱਭ ਜਾਏ, ਫਿਰ ਉਹ ਜ਼ਖ਼ਮ ਨਹੀਂ ਭਰਦਾ। ਦੁਰਯੋਧਨ ਦੇ ਹੰਕਾਰੀ ਬੋਲ ਅਤੇ ਪੁੱਤਰ ਮੋਹ ਕਰ ਕੇ, ਤੁਹਾਡੀ ਚੁੱਪ ਨੇ ਸਵਰਨਾਸ਼ ਕਰ ਦਿੱਤਾ ਹੈ। ਤਾਂ ਦੂਜਾ ਕਰਮ, ਬੋਲਾਂ ਕਰ ਕੇ ਹੁੰਦਾ ਹੈ।

ਤੀਜਾ ਤਲ- ਹੱਥਾਂ ਪੈਰਾਂ ਨਾਲ, ਨੇਤਰਾਂ ਨਾਲ, ਕਿਸੇ ਨਾਲ ਪ੍ਰੀਤ ਕਰਨੀ ਜਾਂ ਝਗੜਾ-ਫ਼ਸਾਦ ਕਰਨਾ। ਤਾਂ ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ, ਤਿੰਨ ਵੱਖ-ਵੱਖ ਗੁਣਾਂ ਵਾਲੇ, ਰਜੋ ਗੁਣੀ, ਸਤੋ ਗੁਣੀ ਅਤੇ ਤਮੋ ਗੁਣੀ, ਆਪਣੇ ਗੁਣ ਅਤੇ ਉਸੇ ਅਨੁਰੂਪ ਬਣ ਚੁੱਕੇ ਸੁਭਾਅ ਹੇਠ ਕਰਮ ਕਰਦੇ ਹਨ। ਉਹਨਾਂ ਲਈ, ਯੋਗ ਦਾ ਅਰਥ ਭਾਵ ਵੀ ਉਸੇ ਅਨੁਰੂਪ ਹੁੰਦੈ। ਉਹ ਯੋਗ ਵੀ ਸੁਭਾਅ ਅਨੁਸਾਰ, ਕਿਸੇ ਨੂੰ ਮੋਹ ਜਾਲ ਵਿਚ ਫਸਾਉਣ ਲਈ ਜਾਂ ਕਿਸੇ ਪ੍ਰਤੀ ਹਿੰਸਾ ਦੇ ਭਾਵ ਵਿਚ, ਮਾਰੂ ਮੰਤਰਾਂ-ਤੰਤਰਾਂ ਨਾਲ ਯੋਗ ਸਾਧਨਾ ਕਰਦੇ ਹਨ। ਮੇਰੇ ਸਤਿਗੁਰ ਕਹਿੰਦੇ ਹਨ, ਕੋਈ-ਸਤਿਗੁਰ ਦਾ ਸਿੱਖ, ਗੁਰੂ ਤੋਂ ਸਿੱਖਿਆ ਲੈ ਕੇ, ਇਹਨਾਂ ਕਰਮਾਂ ਪ੍ਰਤੀ, ਯੋਗ ਦੀ ਮੂਲ ਭਾਵਨਾ ਪ੍ਰਤੀ ਸੁਚੇਤ ਹੋਵੇਗਾ, ਉਹ ਸੰਸਾਰ ਦੇ ਰਾਗ-ਦਵੇਸ਼ ਤੋਂ, ਹਰਖ-ਸੋਗ ਤੋਂ ਮੁਕਤ ਹੋਵੇਗਾ-

"ਸਬਦੁ ਵੀਚਾਰੈ ਚੂਕਸਿ ਸੋਗਾ॥"

ਯੋਗ, ਮਨੁੱਖ ਨੂੰ ਆਪਣੇ ਨਿਜ ਰੂਪ ਨਾਲ ਜੋੜਨਾ ਅਤੇ ਇਸ ਅੰਤਰ ਬਿਧਿ ਨਾਲ, ਸੰਸਾਰ ਦੇ ਦੁੱਖਾਂ ਤੋਂ ਰਹਿਤ ਕਰਨਾ ਹੈ।

ਰਾਮਾਇਣ ਦਾ ਪ੍ਰਸੰਗ ਹੈ। ਭਗਵਾਨ ਸ੍ਰੀ ਰਾਮ, ਪਿਤਾ ਜੀ ਆਗਿਆ ਲੈ ਕੇ ਬਨਵਾਸ ਨੂੰ ਚਲੇ ਗਏ। ਪਿੱਛੋਂ ਪਿਤਾ ਸੀ ਦੀ ਮੌਤ ਹੋ ਗਈ। ਪਤਾ ਲੱਗਾ, ਬਨਵਾਸ ਕਾਲ ਵਿਚ ਹੀ, ਤਾਂ ਸੋਗ ਕਰਨ ਲੱਗ ਪਏ। ਪਿਤਾ ਵਿਯੋਗ ਤੋਂ ਉਪਜੇ ਸੋਗ ਨੇ, ਸ੍ਰੀ ਰਾਮ ਨੂੰ ਦੁਖੀ ਕਰ ਦਿੱਤਾ। ਤਾਂ ਗੁਰੂ ਵਾਸ਼ਿਸ਼ਠ ਜੀ ਨੇ, ਸ੍ਰੀ ਰਾਮ ਨੂੰ, ਆਤਮਾ ਅਤੇ ਪਰਮਾਤਮਾ ਦੇ ਯੋਗ ਦੀ ਸਿੱਖਿਆ ਦਿੱਤੀ। ਇਹ ਸਰੀਰ ਦਾ ਜੀਵਨ ਹੀ

ਮਿਲਣ ਵਿਚ ਰੁਕਾਵਟ ਸੀ। ਪਵਨ ਨੇ ਪਵਨ ਨਾਲ ਮਿਲਣਾ ਸੀ, ਜੋਤਿ ਨੇ ਜੋਤਿ ਨਾਲ ਮਿਲਾਪ ਕਰਨਾ ਸੀ। ਇਹ ਸਰੀਰ ਹੀ ਰੁਕਾਵਟ ਬਣਿਆ ਹੋਇਆ ਸੀ। ਸਰੀਰ ਦੀ ਮੌਤ ਤਾਂ ਆਤਮਾ-ਪ੍ਰਮਾਤਮਾ ਦਾ ਯੋਗ ਹੁੰਦੈ। ਇਹੋ "ਯੋਗ ਵਾਸ਼ਿਸ਼ਠ" ਹੈ, ਸੰਸਕ੍ਰਿਤ ਵਿਚ ਰਚਿਆ ਹੋਇਆ ਮਹਾਂਰਾਮਾਇਣ ਗ੍ਰੰਥ!

ਸਾਡੇ ਜੀਵਨ ਦੀ ਬਿਧਿ, ਸੰਸਾਰ ਮੁਖੀ ਹੈ। ਯੋਗ ਦਾ ਅਰਥ ਹੈ, ਬਾਹਰ ਜਾਂਦੀ ਹੋਈ ਸੋਚ ਨੂੰ, ਅੰਤਰ ਮੁਖੀ ਕਰ ਦੇਣਾ। ਇਹ ਸੋਚ ਜਦੋਂ ਅੰਦਰਲੇ ਮੰਦਰ ਵਲ ਆਕਰਸ਼ਤ ਹੋਈ, ਵਧਦੀ ਹੈ ਤਾਂ ਇਹ ਸੁਰਤਿ" ਬਣ ਜਾਂਦੀ ਹੈ। ਜਿਵੇਂ, ਦੇਵ ਪ੍ਰਯਾਗ ਵਿਖੇ, ਭਾਗੀਰਥੀ ਅਤੇ ਅਲਕਨੰਦਾ, ਦੋ ਵੱਖ-ਵੱਖ ਦਿਸ਼ਾਵਾਂ ਤੋਂ ਆਉਂਦੀਆਂ ਨਦੀਆਂ ਮਿਲਦੀਆਂ ਹਨ, ਤਾਂ ਅੱਗੇ ਦਾ ਪ੍ਰਵਾਹ, 'ਗੰਗਾ' ਨਾਂ ਨਾਲ ਸੰਬੋਧਤ ਹੁੰਦੈ।

ਸੰਤਾਂ, ਭਗਤਾਂ ਨੇ, ਯੋਗ ਦੇ ਕਈ ਰਾਹ ਲੱਭ ਲਏ। ਭਗਤੀ ਯੋਗ, ਕਰਮ ਯੋਗ, ਸਾਂਖਿਯ ਯੋਗ, ਗਿਆਨ ਯੋਗ। ਕਿਸੇ ਮਨਭਾਉਂਦੇ ਰਾਹ ਤੋਂ ਚਲੀਏ, ਮੁਕਾਮ ਸਭ ਦਾ ਇੱਕ ਹੈ- "ਨਿਜ ਥਾਂਵ!" ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ, ਕੀਰਤਨ ਨਾਲ ਉਸ ਮੁਕਾਮ ਪ੍ਰਾਪਤ ਕਰਨ ਦਾ ਮਾਰਗ ਦਿੱਤਾ।ਜਦੋਂ ਜੁੜਨ ਨੂੰ ਜੀਅ ਲੋਚਦਾ, ਉਦੋਂ ਕਹਿੰਦੇ, "ਮਰਦਾਨਿਆਂ, ਰਬਾਬ 'ਚੋਂ ਕੋਈ ਰੱਬੀ ਸੁਰ ਕੱਢ! ਮਰਦਾਨੇ ਦੇ ਪੋਟੇ, ਰਬਾਬ 'ਤੇ ਥਿਰਕਦੇ, ਕਾਇਨਾਤ ਸੰਗੀਤਮਈ ਹੋਇ ਜਾਂਦੀ ਔਰ ਗੁਰੂ ਨਾਨਕ ਦੇ ਮੁਖੋਂ ਰੱਬੀ ਬਾਣੀ, ਆਲੇ-ਦੁਆਲੇ ਦੇ ਜੀਆਂ ਜੰਤਾਂ ਨੂੰ ਵੀ ਨਿਰੰਕਾਰ ਨਾਲ ਜੋੜ ਦਿੰਦੀ-

ਰਾਜ ਲੀਲਾ ਤੇਰੈ ਨਾਮਿ ਬਨਾਈ॥
ਜੋਗੁ ਬਨਿਆ, ਤੇਰਾ ਕੀਰਤਨੁ ਗਾਈ॥

(ਪੰਨਾ 385)

ਭਗਤ ਜੈ ਦੇਵ ਜੀ, ਬੀਰਭੂਮ, ਬੰਗਾਲ ਰਹਿੰਦੇ ਸਨ। ਸੰਸਕ੍ਰਿਤ ਅਤੇ ਪ੍ਰਾਕ੍ਰਿਤ ਭਾਸ਼ਾ ਦੇ ਪ੍ਰਕਾਂਡ ਵਿਦਵਾਨ ਸਨ। ਜਿੰਨੀ ਵਿਦਵਤਾ ਸੀ, ਉਤਨੀ ਭਗਤੀ ਵੀ ਹੈ ਸੀ। ਰਾਧਾ-ਕ੍ਰਿਸ਼ਨ ਪ੍ਰੀਤ ਨੂੰ ਚਿਤਰਨ ਵਾਲਾ, ਸੰਸਕ੍ਰਿਤ ਦਾ ਮਹਾਂਕਾਵਿ "ਗੀਤ ਗੋਬਿੰਦ' ਦੇ ਰਚਨਾਕਾਰ। ਭਗਤੀ ਨੂੰ ਯੋਗ ਦਾ ਮਾਰਗ ਬਣਾਇਆ। ਕਹਿੰਦੇ ਹਨ, ਅਸੀਂ, ਹੱਥਾਂ, ਪੈਰਾਂ, ਅੱਖ, ਕੰਨ, ਰਸਨਾ ਨਾਲ ਭਗਤੀ ਕਰਦੇ ਹਾਂ। ਇਹ ਸਾਰੇ ਅੰਗ ਭੌਤਿਕ ਮਿੱਟੀ ਤੋਂ ਬਣੇ ਹੋਏ ਹਨ। ਸਾਰੇ ਆਪਣੇ ਗੁਣ ਸੁਭਾਅ ਅਨੁਸਾਰ, ਭੌਤਿਕ, ਸੰਸਾਰਕ ਪਦਾਰਥਾਂ ਵੱਲ ਖਿੱਚਦੇ ਰਹਿੰਦੇ ਹਨ। ਚਿੱਤ ਵਿਚ ਦਵੰਦ, ਦੋ-ਚਿੱਤੀ ਅਵਸਥਾ ਬਣ ਜਾਂਦੀ ਹੈ। ਬਿਰਤੀ ਇਕਾਗਰ ਨਹੀਂ ਹੁੰਦੀ। ਆਪਣਾ ਅਨੁਭਵ, ਭਗਤ ਜੈ ਦੇਵ ਸਾਂਝਾ ਕਰਦੇ ਹਨ-

ਹਰਿ ਭਗਤ ਨਿਜ ਨਿਹਕੇਵਲਾ ਰਿਦ ਕਰਮਣਾ ਬਚਸਾ॥
ਜੋਗੇਨ ਕਿੰ ਜਗੇਨ ਕਿੰ ਦਾਨੇਨ ਕਿੰ ਤਪਸਾ॥"

(ਪੰਨਾ 526)

ਭਗਤੀ ਦਾ ਅਰਥ ਹੈ, ਮੇਰਾ ਨਿਜਤੱਵ, ਮੇਰਾ ਨਿਜ ਰੂਪ ਰਹਿ ਜਾਏ... ਹੋਰ ਸਰੀਰ, ਪਰਿਵਾਰ, ਸੰਸਾਰ ਮਿਟ ਜਾਏ। ਮਨ, ਬਚਨ, ਕਰਮ, ਤਿੰਨੇ ਹਿਰਦੇ ਕੋਸ਼ਠ ਵਿਚ ਮਿਲ ਗਏ। ਕੋਈ ਦਵੰਦ ਨਾ ਰਹੇ, ਖਿੱਚੋਤਾਨ ਨਾ ਰਹੇ। ਯਕੀਨ ਕਰੋ, ਇਸ ਅਵਸਥਾ ਨੂੰ ਜਿਹੜਾ ਭਗਤ ਪ੍ਰਾਪਤ ਹੋ ਗਿਆ, ਉਸ ਨੂੰ ਫਿਰ ਯੋਗ ਦੀ, ਯੱਗ ਦੀ, ਦਾਨ ਦੀ ਜਾਂ ਤਪ ਦੀ, ਕੋਈ ਲੋੜ ਨਹੀਂ ਰਹਿ ਜਾਂਦੀ। ਉਹ ਸਹਜ ਯੋਗ ਨੂੰ ਪ੍ਰਾਪਤ ਹੋ ਜਾਂਦਾ ਹੈ।

ਯੋਗ ਦੀਆਂ ਧਾਰਾਵਾਂ ਵੀ, ਵਗਦੀਆਂ ਹੋਈਆਂ ਨਦੀਆਂ ਵਾਂਗ ਹਨ। ਨਦੀਆਂ, ਕਈ ਵੱਖ-ਵੱਖ ਦਿਸ਼ਾਵਾਂ ਤੋਂ ਵਗਦੀਆਂ, ਅੰਤ ਮਹਾਂਸਾਗਰ ਵਿਚ ਲੀਨ ਹੋ ਰਹੀਆਂ ਹਨ।ਯੋਗ ਵਿਦਿਆ ਵੀ, ਕਈ ਕਲਾਵਾਂ-ਵਿਧਾਵਾਂ 'ਚੋਂ ਵਗਦੀ ਹੋਈ, ਦਸਮ ਦੁਆਰ, ਜਾਂ ਮਹਾਂਘਾਟੀ ਵਿਚ ਜਾ ਮਿਲਦੀ ਹੈ। ਰਾਹ ਅਨੇਕ ਹਨ, ਪਰ ਮੰਜ਼ਿਲ ਇਕ ਹੈ।

ਭਗਤ ਬੇਣੀ ਜੀ, ਤੀਜੇ ਪਾਤਸ਼ਾਹ ਦੇ ਵੇਲੇ, 16 ਵੀਂ ਸਦੀ ਦੇ ਵਿਦਵਾਨ, ਧਰਮ ਸ਼ਾਸਤਰਾਂ ਦੇ ਗਿਆਤਾ ਅਤੇ ਪ੍ਰਮੁੱਖ ਵੇਦਾਂਤੀ ਸਨ। ਉਹ "ਕੁੰਡਲਿਨੀ ਯੋਗ" ਦੇ ਮਾਹਿਰ ਵਿਦਵਾਨ ਸਨ। ਹੋਰ ਪ੍ਰਮੁੱਖ ਯੋਗ, ਕੀਰਤਨ, ਕਰਮ, ਭਗਤੀ, ਸਿਮਰਨ ਦੇ ਯੋਗ ਮਾਰਗ, ਨਾਭਿ ਕਮਲ 'ਚੋਂ ਜਾਂ ਹਿਰਦੈ ਕੋਸ਼ਠ ਤੋਂ ਉਠਦੇ ਹਨ ਅਤੇ "ਬ੍ਰਹਮ ਰੰਧਰ" ਵਿਚ ਜਾ ਮਿਲਦੇ ਹਨ। ਕੁੰਡਲਿਨੀ ਯੋਗ, ਸਰੀਰ ਦੇ ਥੱਲੜੇ ਹਿੱਸੇ, ਗੁਦਾ ਦਵਾਰ ਤੋਂ ਥੋੜ੍ਹੀ ਉੱਪਰ, ਸੱਪ ਵਾਂਗ ਕੁੰਡਲੀ ਮਾਰ ਕੇ ਬੈਠੀ ਹੋਈ ਪ੍ਰਾਣਸ਼ਕਤੀ ਨੂੰ ਯੋਗੀ, ਬਲ ਇੱਛਾ ਸ਼ਕਤੀ ਅਤੇ ਮੰਤਰ ਸ਼ਕਤੀ ਨਾਲ, ਹਲੂਣਾ ਦੇ ਦੇ ਕੇ ਉਠੰਦਾ ਹੈ। ਇਸ ਨੂੰ ਕੁੰਡਲਿਨੀ ਜਾਗਰਨ" ਕਹਿੰਦੇ ਹਨ। ਇਹ ਆਰੰਭ ਬਹੁਤ ਔਖਾ ਹੁੰਦਾ ਹੈ। ਜਿਵੇਂ ਤੀਰਥ ਯਾਤਰਾ 'ਤੇ ਜਾਣ ਲਈ, ਪੱਕਾ ਮਨ ਬਣਾਉਣਾ, ਯਾਤਰਾ ਦਾ ਸਮਾਂ, ਖਰਚ, ਖੇਚਲ, ਸਾਰਿਆਂ 'ਤੇ ਗਹੁ ਕਰਕੇ ਤਿਆਰ ਹੋਣ ਵਾਂਗ ਹੈ। ਮਨ ਪੱਕਾ ਬਣਾ ਕੇ, ਇਕ ਵਾਰ ਯਾਤਰੀ ਘਰੋਂ ਤੁਰ ਪਵੇ। ਕਈ ਵਾਰ ਵਰ੍ਹਿਆਂ ਦਾ ਸਮਾਂ ਲੰਘ ਜਾਂਦਾ ਹੈ, ਮਨ ਬਨਾਉਦਿਆਂ। ਕੁੰਡਲਿਨੀ ਆਪਣੇ ਮੂਲ ਗੁਫਾ ਵਿਚ, ਕੁੰਡਲ ਮਾਰੇ ਸੱਪ ਵਾਂਗ ਨੀਂਦ ਦੀ ਸਥਿਤੀ ਵਿਚ ਹੁੰਦੀ ਹੈ। ਇਹ ਜਾਗਦੀ ਹੈ, ਸੱਪ ਦਾ

**ਬਾਕੀ ਸਫ਼ਾ ਨੰ 16 'ਤੇ**

# ਗੁਰਮਤਿ ਅਨੁਸਾਰ ਸਫੈਦ ਬਸਤਰ ਅਤੇ ਸਫੈਦ ਨਿਸ਼ਾਨ ਸਾਹਿਬ



**ਦੇਵਿੰਦਰ ਸਿੰਘ ਗਿੱਲ ਜੀਆ ਨੱਥਾ**
**94177-69103**

1716 ਈ. ਵਿੱਚ ਬੰਦਾ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਸਿਖਾਂ ਤੇ ਸਮੇਂ ਦੀ ਹਕੂਮਤ ਨੇ ਅਨੇਕ ਜ਼ੁਲਮ ਢਾਹੇ ਤੇ ਤਸ਼ਦਦ ਕੀਤੇ, ਨਾਦਰ ਸ਼ਾਹ ਤੇ ਅਹਿਮਦ ਸ਼ਾਹ ਅਬਦਾਲੀ ਜਿਹੇ ਜਰਵਾਣਿਆਂ ਨੇ ਸਿੱਖ ਕੌਮ ਨੂੰ ਖਤਮ ਕਰਨ ਲਈ ਅੱਡੀ ਚੋਟੀ ਦਾ ਤਾਣ ਲਗਾਇਆ। ਮੀਰ ਮੰਨੂ ਜਿਹੇ ਸੂਬੇਦਾਰਾਂ ਨੇ ਸਿੱਖਾਂ ਦਾ ਸ਼ਿਕਾਰ ਕੀਤਾ, ਉਨ੍ਹਾਂ ਦੇ ਸਿਰਾਂ ਦਾ ਮੁੱਲ ਰੱਖਿਆ, ਗੁਰਦੁਆਰਿਆਂ ਤੇ ਉਨ੍ਹਾਂ ਦੇ ਘਰਾਂ ਨੂੰ ਢਾਹਿਆ ਗਿਆ, ਉਸ ਭਿਆਨਕ ਸਮੇਂ ਸਿੱਖਾਂ ਨੇ ਆਪਣਾ ਬਾਣਾ ਚਿੱਟਾ ਅਥਵਾ ਸਫ਼ੈਦ ਰੱਖਿਆ ਅਤੇ ਹਰ ਮੁਹਿੰਮ ਸਮੇਂ ਨਿਸ਼ਾਨ ਸਾਹਿਬ ਵੀ ਸਫ਼ੈਦ ਹੀ ਝੁਲਾਇਆ ਸੀ।

ਗਿਆਨੀ ਗਿਆਨ ਸਿੰਘ ਗਰੰਥ 'ਪੰਥ ਪ੍ਰਕਾਸ਼' ਵਿੱਚ ਲਿਖਦੇ ਹਨ-

ਬਸਤ੍ਰ ਥੋਰ ਭੁਰ ਸ਼ਸਤਰ ਧਾਰੀ ਸੂਰ।
ਅੰਗ ਜੰਗ ਵਖਤ ਸੁਧਾਰ ਤੇ।
ਸੂਧੇ ਦਾੜ੍ਹੇ, ਮੱਛ, ਅੱਛ ਦਸਤਾਰੇ ਸਵੇਤ ਸਵੱਛ ਕਟਿ
ਪ੍ਰਤੱਛ ਕੱਛ ਪੱਟ ਢਿਗ ਧਾਰਤੇ।
ਅੰਗਰਖੀ ਗਰ ਭੁਰੇ, ਗਲਤੀ ਕਮਰਕਸੇ ਨਾਦਰੈ
ਮ੍ਰਿਗੇਸ਼ ਖੇਸ ਚਾਦਰੈਂ ਕੀ ਧਾਰਤੇ।
ਅਬੰਰੀ ਪੈਗੰਬਰੀ ਅਜੀਵਕਾ ਰਖਤ ਓਢ ਕੰਬੰਰੀ
ਸੇਪੰਬਰੀ ਕੀ ਛਬਿ ਛੀਨ ਡਾਰਤੇ॥

ਲੰਮੇ ਸੰਘਰਸ਼ ਤੋਂ ਬਾਅਦ ਸਿਖ ਮਿਸਲਾਂ ਹੋਂਦ ਵਿੱਚ ਆਈਆਂ ਅਤੇ ਫਿਰ ਸਿਖ ਮਿਸਲਾਂ ਦੇ ਉਨ੍ਹਾਂ ਸਿਖ ਸਰਦਾਰਾਂ ਵਿਚ ਸ਼ੁਕਰਚਕੀਆ ਮਿਸਲ ਦਾ ਸਰਦਾਰ ਮਹਾਰਾਜਾ ਰਣਜੀਤ ਸਿੰਘ ਉਠਿਆ ਜਿਸਨੇ ਅਪਾਰ ਯਤਨਾਂ ਤੇ ਕੋਸ਼ਿਸ਼ਾਂ ਨਾਲ ਪੰਜਾਬ ਵਿੱਚ ਖਾਲਸਾ ਰਾਜ ਕਾਇਮ ਕੀਤਾ ਅਤੇ ਲਗਭਗ 40 ਸਾਲ ਰਾਜ ਕੀਤਾ ਪਰੰਤੂ ਉਸਦੇ ਉਤਰਾਧਿਕਾਰੀ ਯੋਗ ਹਾਕਮ ਸਿਧ ਨਾ ਹੋਏ ਅਤੇ ਫਿਰ 1840 ਈ. ਤੋਂ 1846 ਈ. ਦੇ ਵਿਚਕਾਰਲੇ ਸਮੇਂ ਚਲਾਕ

ਉਪਰੋਕਤ ਪ੍ਰਮਾਣ ਵਿਚੋਂ ਸਾਫ਼ ਜਾਹਰ ਹੋ ਜਾਂਦਾ ਹੈ ਕਿ ਭਾਵੇ ਸਤਿਗੁਰਾਂ ਨੇ ਨੀਲੇ ਬਸਤਰ ਲੀਰ-ਲੀਰ ਕਰ ਕੇ ਅੰਗੀਠੇ ਵਿੱਚ ਜਲਾ ਦਿੱਤੇ ਸਨ ਪ੍ਰੰਤੂ ਇਕ ਲੀਲੇ ਕਪੜੇ ਦੀ ਲੀਰ ਕਬਜੇ ਸੰਗ ਬੰਨ ਕੇ ਰਖ ਲਈ ਜੋ ਭਾਈ ਮਾਨ ਸਿੰਘ ਨੂੰ ਦਿੱਤੀ ਸੀ। ਸਤਿਗੁਰਾਂ ਨੇ ਆਪ ਤਾਂ ਸੋਢੀ ਕੌਲ ਵਲੋਂ ਦਿੱਤੇ ਗਏ ਚਿਟੇ ਬਸਤਰ ਪਹਿਨ ਲਏ ਪ੍ਰੰਤੂ ਭਾਈ ਮਾਨ ਸਿੰਘ ਨੇ ਸਤਿਗੁਰਾਂ ਦੀ ਉਸ ਲੀਰ ਦੀ ਬਖਸ਼ਿਸ਼ ਸਦਕਾ ਨੀਲਾਂਬਰੀ ਬਾਣੇ ਵਾਲੀ ਨਿਹੰਗ ਸਿੰਘਾਂ ਦੀ ਸੰਪ੍ਰਦਾਇ ਚਲਾ ਲਈ, ਜਿਸ ਵਿੱਚੋਂ ਸਮੇਂ-ਸਮੇਂ ਅਕਾਲੀ ਨੈਣਾ ਸਿੰਘ, ਅਕਾਲੀ ਫੂਲਾ ਸਿੰਘ ਅਤੇ ਅਕਾਲੀ ਸਾਧੂ ਸਿੰਘ ਜਿਹੇ ਨਿਹੰਗ ਸਿੰਘ ਪੈਦਾ ਹੋਏ। ਗਿਆਨੀ ਗਿਆਨ ਸਿੰਘ ਜੀ ਪੁਸਤਕ "ਪੰਥ ਪ੍ਰਕਾਸ਼" ਵਿੱਚ ਪੰਨਾ 1263 ਤੇ ਨਿਹੰਗ ਸਿੰਘਾਂ ਦੀ ਕਥਾ ਵਿੱਚ ਲਿਖਦੇ ਹਨ-

ਦੋਹਿਰਾ॥
ਢਿਲੋ ਨਾਮ ਗ੍ਰਾਂਮ ਜਬ ਨੀਲ ਬਸਨ ਗੁਰੁ ਫਾੜ।
ਸਾੜੇ ਤਬ ਇਕ ਲੀਰ ਰਖ ਬਾਂਧੀ ਤੇਗ ਉਘਾੜ॥33॥
ਮਾਨ ਸਿੰਘ ਕੋ ਸੋ ਪੁਨਾ ਬਖਸ਼ੀ ਗੁਰੁ ਖੁਸ਼ ਥਾਇ।
ਇਸ ਤੈ ਚਾਲਯੋ ਪੰਥ ਇਹ ਕਹਿਤ ਸਿੰਘ ਇਸ ਭਾਇ॥34॥

ਉਪਰੋਕਤ ਪ੍ਰਮਾਣ ਅਨੁਸਾਰ ਭਾਈ ਮਾਨ ਸਿੰਘ ਦੁਆਰਾ ਨਿਹੰਗ ਸਿੰਘਾਂ ਦੀ ਹੋਂਦ ਪ੍ਰਗਟ ਹੋਈ ਜੋ ਨੀਲੇ ਰੰਗ ਦੇ ਕਪੜੇ ਪਹਿਨਦੇ ਅਤੇ ਸਿਰ ਤੇ ਦੁਮਾਲੇ ਸਜਾਇਆ ਕਰਦੇ ਸਨ ਪਰੰਤੂ ਇਹੋ ਬਾਣਾ ਸਿਰਫ਼ ਨਿਹੰਗਾਂ ਦਾ ਹੀ ਰਿਹਾ ਪ੍ਰੰਤੂ ਵਰਤਮਾਨ ਸਮੇਂ ਗੁਰਦੁਆਰਿਆਂ ਦੇ ਪ੍ਰਬੰਧਕ ਅਤੇ ਮੁਲਾਜ਼ਮ ਵੀ ਉਨ੍ਹਾਂ ਦੀ ਰੀਸ ਕਰਕੇ ਨੀਲੀਆਂ ਪਗੜੀਆਂ ਸਜਾਉਣ ਲਗ ਪਏ ਹਨ। ਜੋ ਇਤਿਹਾਸ ਵਲੋਂ ਮੂੰਹ ਮੋੜਨ ਵਾਲੀ ਗੱਲ ਹੈ। ਇਤਿਹਾਸ ਗਵਾਹ ਹੈ ਕਿ ਨਿਹੰਗਾਂ ਤੋਂ ਬਿਨਾਂ ਹੋਰ ਕਿਸੇ ਵੀ ਸਿੱਖ ਨੇ 1920 ਈ. ਤੱਕ ਕਦੇ ਵੀ ਨੀਲੇ ਬਸਤਰ ਜਾਂ ਨੀਲੀ ਪਗੜੀ ਕਦੇ ਵੀ ਨਹੀਂ ਸੀ ਬੰਨੀ, ਸਭ ਸਿਖ ਚਿਟੇ (ਸਫ਼ੈਦ) ਬਸਤਰ ਪਹਿਨਿਆ ਕਰਦੇ ਸਨ।

ਦਰਬਾਰੀਆਂ ਮੰਤਰੀਆਂ ਤੇ ਸਤਲੁਜ ਤੋਂ ਪਾਰ ਬੈਠੇ ਅੰਗਰੇਜਾਂ ਨੇ ਉਹ ਘਿਨਾਉਣੇ ਕਾਰਜ ਕੀਤੇ ਕਿ ਉਨ੍ਹਾਂ ਨੂੰ ਪੜ੍ਹਕੇ ਹਰ ਪਾਠਕ ਦੇ ਲੂੰਅ ਕੰਡੇ ਖੜ੍ਹੇ ਹੋ ਜਾਂਦੇ ਹਨ।

1845-46 ਈ. ਵਿੱਚ ਪਹਿਲੀ ਅੰਗਰੇਜ਼-ਸਿਖ ਲੜਾਈ ਹੋਈ, ਉਸ ਇਤਿਹਾਸਕ ਲੜਾਈ ਵਿੱਚ ਸਿੱਖ ਹਾਰ ਗਏ, ਅਲੀਵਾਲ, ਬੱਦੋਵਾਲ, ਮੁਦਕੀ ਅਤੇ ਸਭਰਾਵਾਂ ਵਿਖੇ ਸਿੱਖ ਜਾਨਾਂ ਹੂਲ ਕੇ ਲੜ੍ਹੇ ਪ੍ਰੰਤੂ ਨਿਮਕ ਹਰਾਮ ਸਿਪਾਸਾਲਾਰਾਂ ਦੀ ਨਿਮਕ ਹਰਾਮੀ ਨੇ ਖਾਲਸਾ ਰਾਜ ਦਾ ਭੋਗ ਪਾ ਦਿੱਤਾ। ਉਸ ਜੰਗ ਦਾ ਆਖਰੀ ਟਾਕਰਾ ਸਭਰਾਵਾਂ ਵਿਖੇ ਹੋਇਆ, ਮਹਾਰਾਣੀ ਜਿੰਦਾਂ ਨੇ ਸੂਰਮੇ ਅਣਖੀ ਯੋਧੇ ਖਾਲਸਾ ਰਾਜ ਦੇ ਸੱਚੇ ਸੁੱਚੇ ਜਰਨੈਲ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਨੂੰ ਪੱਤਰ ਲਿਖਿਆ ਕਿ ਉਹ ਖਾਲਸਾ ਰਾਜ ਦੇ ਵੈਰੀ ਅੰਗਰੇਜ਼ ਦਾ ਟਾਕਰਾ ਕਰਨ ਲਈ ਸਭਰਾਵਾਂ ਵਿਖੇ ਖਾਸਲਾ ਫ਼ੌਜ ਦੀ ਕਮਾਂਡ ਸੰਭਾਲੇ। ਬੁੱਢੇ ਸ਼ੇਰ ਸਰਦਾਰ ਸ਼ਾਮ ਸਿੰਘ ਦਾ ਖੂਨ, ਪੱਤਰ ਪੜ੍ਹਕੇ ਖੌਲ ਉਠਿਆ। ਉਨ੍ਹਾਂ ਨੇ ਕੂਚ ਕਰਨ ਸਮੇਂ ਚਿਟਾ ਬਾਣਾ ਧਾਰਨ ਕੀਤਾ ਅਤੇ ਚੀਨੀ ਘੋੜੀ ਤੇ ਸਵਾਰ ਹੋ ਕੇ ਮੈਦਾਨਿ ਜੰਗ ਵਿੱਚ ਪਹੁੰਚੇ। ਉਨ੍ਹਾਂ ਦਾ ਜੋਸ਼ ਅਤੇ ਸੂਰਬੀਰਤਾ ਅਤੇ ਉਨ੍ਹਾਂ ਦੁਆਰਾ ਬਣਾਈ ਗਈ ਫ਼ੌਜ ਦੀ ਤਰਤੀਬ ਨੂੰ ਵੇਖ ਕੇ ਅੰਗਰੇਜ਼ ਜਰਨੈਲ ਦੰਗ ਰਹਿ ਗਏ। ਸਰਦਾਰ ਚਿਟੇ ਬਾਣੇ ਵਿੱਚ ਮਾਨਸਰੋਵਰ ਦਾ ਹੰਸ ਜਾਪ ਰਿਹਾ ਸੀ ਜਿਧਰ ਵੀ ਮੂੰਹ ਕਰਦਾ ਉਧਰ ਹੀ ਅੰਗਰੇਜ਼ੀ ਫ਼ੌਜ਼ ਦੀਆਂ ਲਾਸ਼ਾਂ ਦੇ ਢੇਰ ਲਗਾ ਦੇਂਦਾ। ਸਿਖਾਂ ਦੀ ਬਹਾਦਰੀ ਅਤੇ ਅੰਗਰੇਜ਼ਾਂ ਦੀ ਘਬਰਾਹਟ ਨੂੰ ਵੇਖ ਕੇ ਖਾਲਸਾ ਫ਼ੌਜ ਦੇ ਸਿਪਾਸਾਲਾਰ ਤੇਜ ਸਿੰਘ ਅਤੇ ਵਜ਼ੀਰ ਲਾਲ ਸਿੰਘ ਨੇ ਸਿੱਖ ਛਾਉਣੀ ਵਲੋਂ ਸਤਲੁਜ ਦਰਿਆਂ ਦਾ ਪੁਲ ਤੁੜਵਾ ਦਿੱਤਾ ਅਤੇ ਫਿਰ ਜੋ ਉਨ੍ਹਾਂ ਦੀ ਕਮਾਂਡ ਹੇਠ ਫ਼ੌਜ ਸੀ, ਉਸਨੂੰ ਵੀ ਵਾਪਸ ਬੁਲਾ ਲਿਆ। ਹੁਣ ਸ. ਸ਼ਾਮ ਸਿੰਘ ਅਤੇ ਸਿਰਲੱਥ ਖਾਲਸਾ ਫ਼ੌਜ ਇਕ ਪਾਸੇ ਤੋਂ ਅੰਗਰੇਜ਼ ਦਾ ਟਾਕਰਾ ਕਰ ਰਹੀ ਸੀ, ਪਿਛਲੇ ਪਾਸੇ ਤੋਂ ਸਤਲੁਜ ਦਰਿਆ ਦਾ ਸ਼ੂਕਦਾ ਵਹਿਣ ਸੀ, ਖਾਲਸਾ ਫ਼ੌਜ ਸਾਰੇ ਪਾਸੇ ਤੋਂ ਘਿਰ ਗਈ, ਉਨ੍ਹਾਂ ਨੂੰ ਪਿਛੋਂ ਕੈਂਪ ਤੋਂ ਸਹਾਇਤਾ ਅਉਣੀ ਵੀ ਬੰਦ ਹੋ ਗਈ ਪਰੰਤੂ ਸ਼ੇਰ ਦਿਲ ਮਰਦ ਸਰਦਾਰ ਸ਼ਾਮ ਸਿੰਘ ਨਾ ਘਬਰਾਇਆ, ਅੰਤਮ ਸਵਾਸ ਤੱਕ ਲੜਦਾ ਹੋਇਆ। ਮੈਦਾਨਿ ਜੰਗ ਵਿੱਚ ਸ਼ਹੀਦ ਹੋਇਆ ਮਰਜੀਵੜੇ ਸਿਖ ਫ਼ੌਜੀ ਵੀ ਲੜਦੇ ਹੋਏ ਸ਼ਹੀਦ ਹੋ ਗਏ। ਉਨ੍ਹਾਂ ਦੀ ਅਦੁੱਤੀ ਸਖਸ਼ੀਅਤ ਬਾਰੇ **ਆਰ ਬੌਸਵਰਥ ਸਮਿੱਥ** ਲਿਖਦਾ ਹੈ-

ਨਿਮਕ-ਹਰਾਮ ਸਰਦਾਰਾਂ ਦੀ ਧਾੜ ਵਿਚੋਂ ਇਕ ਵਫਾਦਾਰ ਬੁਢੇ ਸਰਦਾਰ ਸ਼ਾਮ ਸਿੰਘ ਦਾ ਨਾਂ ਵਰਨਣਯੋਗ ਹੈ। ਚਿੱਟਾ ਬਾਣਾ ਪਹਿਨਕੇ ਤੇ ਪ੍ਰਾਂਚੀਨ ਕਾਲ ਦੇ ਡੇਸ਼ੀਅਸ਼ ਵਾਂਗ ਸਿਰ ਤਲੀ ਤੇ ਧਰਕੇ ਉਸ ਨੇ ਆਪਣੀ ਸਾਥੀਆਂ ਨੂੰ ਵੰਗਾਰਿਆ ਕਿ ਉਹ ਵਾਹਿਗੁਰੂ ਤੇ ਗੁਰੂ ਦੀ ਖਾਤਰ ਹੱਲਾ ਬੋਲ ਦੇਣ। ਕਈਆਂ ਨੂੰ ਮੌਤ ਦੇ ਘਾਟ ਉਤਾਰ ਕੇ ਉਹ ਬਹਾਦਰੀ ਨਾਲ ਆਪਣੀ ਜਾਨ ਤੇ ਖੇਡ ਗਿਆ।

(ਪੰਜਾਬ ਦੇ ਮੋਢੀ ਸੁਤੰਤਰਤਾ ਸੰਗਰਾਮੀਏ ਕ੍ਰਿਤ ਐਮ.ਐਲ. ਅਹਲੂਵਾਲੀਆ ਅਤੇ ਡਾਕਟਰ ਕਿਰਪਾਲ ਸਿੰਘ, ਪੰਨਾ 33)

ਇਸ ਪ੍ਰਥਾਇ ਸਯਦ ਮੁਹੰਮਦ ਲਤੀਫ ਕਰਤਾ ਪੁਸਤਕ 'ਪੰਜਾਬ ਦਾ ਇਤਿਹਾਸ' ਦੇ ਵਿਚਾਰ ਵੀ ਪੜ੍ਹਨ ਯੋਗ ਹਨ ਜੋ ਸਫਾ 456-57 ਤੇ ਇਸ ਪ੍ਰਕਾਰ ਲਿਖਦਾ ਹੈ-

'ਬੁਢੇ ਸਰਦਾਰ ਸ਼ਾਮ ਸਿੰਘ ਨੇ ਆਪਣੀ ਲੰਮੀ ਦੁੱਧ ਚਿੱਟੀ (ਬਰਫਾਨੀ) ਦਾੜ੍ਹੀ ਵਰਗੀ ਸਫੈਦ ਪੁਸ਼ਾਕ ਪਾਈ, ਆਪਣੀ ਚੀਨੀ ਘੋੜੀ ਨੂੰ ਸਰਪਟ ਦੁੜਾਂਦਿਆਂ ਤੇ ਆਪਣੇ ਜੁਸ਼ੀਲੇ ਸਾਥੀਆਂ ਨੂੰ ਹੱਲਾ ਸ਼ੇਰੀ ਦੇਂਦਿਆਂ ਉਹ ਅੱਗੇ ਵਧਿਆ ਤੇ ਅੰਤ ਤੱਕ ਮੌਤ ਨੂੰ ਟਿੱਚ ਜਾਣਦਾ ਹੋਇਆ (ਦੇਸ਼ ਦੀ ਸੁਤੰਤਰਤਾ ਦੀ ਖਾਤਰ ਸ਼ਹੀਦੀ ਪ੍ਰਾਪਤ ਕਰ ਗਿਆ।)

ਸ. ਸ਼ਾਮ ਸਿੰਘ ਜੀ ਅਟਾਰੀਵਾਲੇ ਦੀ ਜੰਗ ਨੂੰ ਤਿਆਰੀ ਅਤੇ ਦੁੱਧ ਚਿਟੇ ਬਸਤਰ ਪਉਣ ਬਾਰੇ ਡਾਕਟਰ ਕਿਰਪਾਲ ਸਿੰਘ ਅਤੇ ਐਮ.ਐਲ. ਆਹਲੂਵਾਲੀਆ ਪੁਸਤਕ 'ਪੰਜਾਬ ਦੇ ਮੋਢੀ ਸੁਤੰਤਰਤਾ ਸੰਗਰਾਮੀਏ' ਦੇ ਪੰਨਾ 42 ਤੇ ਇਸ ਪ੍ਰਕਾਰ ਲਿਖਦੇ ਹਨ-

'10 ਫਰਵਰੀ ਨੂੰ ਸਰਦਾਰ ਸ਼ਾਮ ਸਿੰਘ ਅੰਮ੍ਰਿਤ ਵੇਲੇ ਉਠਿਆ। ਉਸਨੇ ਇਸ਼ਨਾਨ ਕਰਕੇ ਆਪਣੇ ਲੰਮੇ ਦਾੜ੍ਹੇ ਵਾਂਗ ਦੁਧ ਚਿੱਟੀ ਪੁਸ਼ਾਕ ਪਾਈ ਤੇ ਆਪਣੀ ਚੀਨੀ ਘੋੜੀ ਤੇ ਸਵਾਰ ਹੋ ਕੇ ਸਿਖ ਫ਼ੌਜਾਂ ਨੂੰ ਸੰਬੋਧਨ ਕਰਨ ਲਈ ਟੁਰ ਪਿਆ। ਉਸਨੇ ਖਾਲਸਾ ਫ਼ੌਜ ਨੂੰ ਉਨ੍ਹਾਂ ਦੀਆਂ ਸੂਰਮਗਤੀ ਤੇ ਕੁਰਬਾਨੀਆਂ ਦੀਆਂ ਸ਼ਾਨਦਾਰ ਰਵਾਇਤਾਂ ਦੀ ਯਾਦ ਦਿਵਾਈ ਤੇ ਉਨ੍ਹਾਂ ਨੂੰ ਵਾਸਤਾ ਪਾਇਆ ਕਿ ਉਹ ਮਾਤ ਭੂਮੀ ਦੇ ਸਕੇ ਸਪੂਤ ਬਣ ਕੇ ਦੁਸ਼ਮਣ ਨੂੰ ਪਿੱਠ ਵਿਖਾਣ ਦੀ ਥਾਂ ਰਣਭੂਮੀ ਵਿੱਚ ਕੱਟ ਮਰਨ।'

ਪਹਿਲੀ ਅੰਗਰੇਜ਼ ਸਿਖ ਲੜਾਈ ਦੀ 1846 ਈ. ਦੀ ਸਭਰਾਵਾਂ ਦੇ ਇਹ ਆਖਰੀ ਟੱਕਰ ਸੀ। ਪੰਜਾਬ ਅੰਗਰੇਜ਼ ਝੋਲੀ ਵਿੱਚ ਪੈ ਗਿਆ। ਅੰਗਰੇਜ਼ ਨੇ ਸਿੱਖਾਂ ਦੀਆਂ ਅੱਖਾਂ ਵਿੱਚ ਘੱਟਾ ਪਉਣ ਲਈ ਨਾਬਾਲਗ ਮਹਾਰਾਜਾ ਦਲੀਪ ਸਿੰਘ ਨੂੰ ਨਾਂ ਮਾਤਰ ਪੰਜਾਬ ਦਾ ਮਹਾਰਾਜਾ ਬਣਾ ਦਿੱਤਾ। ਉਸ ਭਿਆਨਕ ਸਮੇਂ ਅੰਗਰੇਜ਼ ਦੇ ਮੁਕਾਬਲੇ ਪੰਜਾਬ ਦੀ ਆਜ਼ਾਦੀ ਦੀ ਪ੍ਰਾਪਤੀ ਲਈ ਭਾਈ ਮਹਾਰਾਜ ਸਿੰਘ ਪੰਜਾਬ ਦੇ

ਸੁਤੰਤਰਤਾ ਦੇ ਰੰਗਮੰਚ ਤੇ ਆਏ, ਉਨ੍ਹਾਂ ਨੇ ਨੇਸ ਤੋ ਨਾ ਬੂਦ ਹੋ ਚੁੱਕੇ ਪੰਜਾਬੀਆਂ ਵਿੱਚ ਮੁੜ ਜਾਨ ਪਾ ਦਿੱਤੀ। ਉਹ ਬਾਬਾ ਬੀਰ ਸਿੰਘ ਨੌਰੰਗਾਬਾਦ ਵਾਲਿਆਂ ਦੇ ਜਾਨਸ਼ੀਨ ਸਨ, ਬਾਬਾ ਬੀਰ ਸਿੰਘ ਜੀ ਨੂੰ ਰਾਜਾ ਹੀਰਾ ਸਿੰਘ ਡੋਗਰਾ ਨੇ ਨੌਰੰਗਾਬਾਦ ਵਿਖੇ ਅਤਰ ਸਿੰਘ ਸੰਧਵਾਲੀਆਂ ਅਤੇ ਹੋਰ ਡੇਰੇ ਵਿੱਚ ਮੌਜੂਦ ਸੇਵਕਾਂ ਸਮੇਤ ਤੋਪਾਂ ਨਾਲ ਸ਼ਹੀਦ ਕਰ ਦਿੱਤਾ ਸੀ। ਬਾਅਦ ਵਿੱਚ ਡੇਰੇ ਨੂੰ ਵੀ ਢਹਿ ਢੇਰੀ ਕਰ ਦਿੱਤਾ ਸੀ। ਇਹ ਮਹਾਂਪੁਰਸ਼ ਗੁਰੂ ਗੋਬਿੰਦ ਸਿੰਘ ਜੀ ਵਲੋਂ ਚਲਾਈ ਨਿਰਮਲਾ ਸੰਪ੍ਰਦਾਇ ਦੀ ਇਕ ਸ਼ਾਖ ਸਨ ਜਿਸਦੀ ਬੰਸਾਵਲੀ ਇਸ ਪ੍ਰਕਾਰ ਹੈ–

**ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ**

ਭਾਈ ਦਇਆ ਸਿੰਘ ਜੀ (ਪੰਜ ਪਿਆਰਿਆਂ ਵਿਚੋਂ)

ਬਾਬਾ ਸੋਭਾ ਸਿੰਘ ਜੀ (ਅਨੰਦਪੁਰ ਸਾਹਿਬ)

ਬਾਬਾ ਸਾਹਿਬ ਸਿੰਘ ਜੀ ਬੇਦੀ (ਊਨਾ ਸਾਹਿਬ)

ਬਾਬਾ ਭਾਗ ਸਿੰਘ ਜੀ (ਕੁਰੀ ਵਾਲੇ)

ਬਾਬਾ ਬੀਰ ਸਿੰਘ ਜੀ (ਨੌਰੰਗਾਬਾਦ)

ਬਾਬਾ ਮਹਾਰਾਜ ਸਿੰਘ ਜੀ (ਨੌਰੰਗਾਬਾਦ) — ਬਾਬਾ ਖੁਦਾ ਸਿੰਘ (ਲਾਹੌਰ)

ਬਾਬਾ ਰਾਮ ਸਿੰਘ ਜੀ (ਵਿਰਕਤ–ਨੌਰੰਗਾਬਾਦ)

ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ

ਬਾਬਾ ਆਇਆ ਸਿੰਘ (ਮਹੰਤ) (ਹੋਤੀ ਮਰਦਾਨ) — ਬਾਬਾ ਅਤਰ ਸਿੰਘ ਜੀ (ਰੇਰੂ ਸਾਹਿਬ)

ਸੰਤ ਭਗਵਾਨ ਸਿੰਘ ਜੀ (ਰੇਰੂ ਸਾਹਿਬ) — ਸੰਤ ਈਸ਼ਰ ਸਿੰਘ ਜੀ (ਰਾੜਾ ਸਾਹਿਬ) — ਸੰਤ ਕਿਸਨ ਸਿੰਘ ਜੀ (ਰਾੜਾ ਸਾਹਿਬ)

ਉਪਰੋਕਤ ਸੰਪ੍ਰਦਾਇ ਦੇ ਸਾਰੇ ਮਹਾਂਪੁਰਸ਼ ਸਫੈਦ ਬਸਤਰ ਪਹਿਨਿਆ ਕਰਦੇ ਸਨ। ਪਿਛਲੇ ਪੰਨਿਆਂ ਵਿੱਚ ਭਲੀ ਭਾਂਤ ਜ਼ਿਕਰ ਆ ਚੁੱਕਾ ਹੈ ਕਿ ਭਾਈ ਦਇਆ ਸਿੰਘ ਸਮੇਤ ਪੰਜ ਪਿਆਰੇ ਦੁਧ ਚਿਟੇ ਬਸਤਰ ਪਹਿਨਿਆ ਕਰਦੇ ਸਨ। ਭਾਈ ਦਇਆ ਸਿੰਘ ਜੀ ਤੋਂ ਵਰੋਸਾਏ ਹੋਏ ਬਾਬਾ ਸੋਭਾ ਸਿੰਘ ਜੀ ਅਨੰਦਪੁਰ ਸਾਹਿਬ ਵਾਲੇ ਵੀ ਚਿਟੇ ਬਸਤਰ ਧਾਰੀ ਸਨ ਅਤੇ ਫਿਰ ਜਦੋਂ ਬਾਬਾ ਸਾਹਿਬ ਸਿੰਘ ਬੇਦੀ ਜੀ ਨੇ ਉਨ੍ਹਾਂ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਤਾਂ ਬਾਬਾ ਜੀ ਨੂੰ ਸਫ਼ੈਦ ਬਸਤਰ ਧਾਰਨ ਕਰਨੇ ਪਏ ਸਨ। ਇਸ ਪ੍ਰਥਾਇ ਪੁਸਤਕ 'ਹੀਰਿਆਂ ਦੇ ਹਾਰ' ਕਰਤਾ ਸ੍ਰੀ ਮਾਨ ਮਹੰਤ ਬਾਬਾ ਰਣ ਸਿੰਘ (ਛਾਪ ਪਹਿਲੀ ਵਾਰ–ਦਸੰਬਰ 1958, ਪੰਨਾ 65) ਜੀ ਦੇ ਵਿਚਾਰ ਪੜ੍ਹਨ ਯੋਗ ਹਨ–

ਇਹ ਬਚਨ ਸਰਦਾਰ ਨੱਥਾ ਸਿੰਘ ਜੀ ਸ਼ਹੀਦ ਦਾ ਸੁਣ ਕੇ ਸ੍ਰੀ ਮਾਨ ਬਾਬਾ ਸੋਭਾ ਸਿੰਘ ਜੀ ਭੀ ਅੰਮ੍ਰਿਤ ਛਕਾਉਣ ਲਈ ਤਿਆਰ ਹੋ ਗਏ। ਅਗਲੇ ਦਿਨ ਹੀ ਬਾਬੇ ਸਾਹਿਬ ਸਿੰਘ ਜੀ ਨੂੰ ਅੰਮ੍ਰਿਤ ਛਕਾਉਣ ਦੀ ਤਿਆਰੀ ਕੀਤੀ। ਗੁਰਮਤ ਅਨੁਸਾਰ ਪੰਜਾਂ ਸਿੰਘਾਂ ਨੇ ਸਣਕੇਸੀ ਇਸ਼ਨਾਨ ਕਰਕੇ ਚਿੱਟੇ ਬਸਤਰ ਪਾਏ ਅਤੇ ਬੇਦੀ ਸਾਹਿਬ ਸਿੰਘ ਜੀ ਨੇ ਭੀ ਕੇਸੀ ਇਸ਼ਨਾਨ ਕਰਕੇ ਸਾਫ਼ ਸੁਥਰੇ ਚਿੱਟੇ ਹੀ ਪੁਸ਼ਾਕੇ ਪਹਿਨ ਲਏ ਸੀ।

ਬਾਬਾ ਸਾਹਿਬ ਸਿੰਘ ਜੀ ਬੇਦੀ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਸਿਖ ਜਗਤ ਵਿਚ ਬਹੁਤ ਪ੍ਰਸਿਧ ਹੋਏ ਅਤੇ ਸਿਖ ਪੰਥ ਲਈ ਉਨ੍ਹਾਂ ਨੇ ਅਨੇਕ ਕਲਿਆਣਕਾਰੀ ਕੰਮ ਕੀਤੇ ਸਨ, ਮਹਾਰਾਜਾ ਰਣਜੀਤ ਸਿੰਘ ਲਈ ਉਹ ਗੁਰੂ ਦੀ ਪਦਵੀ ਰਖਦੇ ਸਨ। ਰਣਜੀਤ ਸਿੰਘ ਨੂੰ ਉਨ੍ਹਾਂ ਨੇ ਹੀ ਮਹਾਰਾਜਾ ਦੀ ਪਦਵੀ ਬਖਸ਼ੀ ਸੀ। ਬਾਬਾ ਜੀ ਤੋਂ ਅਗੇ ਬਾਬਾ ਭਾਗ ਸਿੰਘ ਜੀ (ਭਾਗ ਹਰੀ ਜੀ) ਕੁਰੀ ਵਾਲਿਆਂ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਸੀ ਅਤੇ ਨਾਮ ਅਭਿਆਸ ਕਮਾਈ ਕਰਕੇ ਜਗਤ ਪ੍ਰਸਿਧੀ ਹਾਸਲ ਕੀਤੀ ਸੀ। ਉਹ ਮਹਾਂਪੁਰਸ਼ ਵੀ ਸਫ਼ੈਦ ਬਸਤਰ ਪਹਿਨਿਆ ਕਰਦੇ ਸਨ। ਇਨ੍ਹਾਂ ਬਾਰੇ ਬਾਬਾ ਮਹੰਤ ਰਣ ਸਿੰਘ ਜੀ ਪੁਸਤਕ 'ਹੀਰਿਆਂ ਦੇ ਹਾਰ' ਦੇ ਸਫਾ 123 ਤੇ ਲਿਖਦੇ ਹਨ-

ਜਦੋਂ ਬਾਬੇ ਸਾਹਿਬ ਸਿੰਘ ਜੀ ਨੇ ਦੇਖਿਆ ਕਿ ਹੁਣ ਭਾਗ ਹਰੀ ਗੁਰਸਿਖੀ ਦਾ ਪੂਰਾ ਅਧਿਕਾਰੀ ਹੋ ਗਿਆ ਹੈ ਤਾਂ ਬਾਬੇ ਜੀ ਨੇ ਅਗਲੇ ਦਿਨ ਸੁਬਹ ਹੀ ਸਿੰਘਾਂ ਦਾ ਅਤੇ ਭਾਗ ਹਰੀ ਦਾ ਕੇਸ ਅਸ਼ਨਾਨ ਕਰਾਇਆ ਅਤੇ ਚਿੱਟੇ ਪੁਸ਼ਾਕੇ ਪਹਿਨਾ ਕੇ ਸ਼ਸ਼ਤਰ ਸਜਾ ਕੇ ਸਨਧਬੱਧ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਪੰਚਾਮ੍ਰਿਤ ਰਖ ਕੇ ਅੰਮ੍ਰਿਤ ਤਿਆਰ ਕੀਤਾ ਤੇ ਭਾਗ ਹਰੀ ਜੀ ਨੂੰ ਅੰਮ੍ਰਿਤ ਛਕਾ ਕੇ ਗੁਰਸਿਖੀ ਦੀ ਦਾਤ ਦਿੱਤੀ।

ਭਾਗ ਸਿੰਘ ਕੁਰੀ ਵਾਲਿਆਂ ਨੇ ਅਗੇ ਬਾਬਾ ਬੀਰ ਸਿੰਘ ਨੌਰੰਗਾਬਾਦ ਵਾਲਿਆਂ ਤੇ ਕਿਰਪਾ ਕੀਤੀ ਜਿਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਜ਼ਿਲਾ ਅੰਮ੍ਰਿਤਸਰ ਵਿੱਚ ਡੇਰਾ, ਨੌਰੰਗਾਬਾਦ ਵਿਖੇ ਕਾਇਮ ਕਰਕੇ ਸਿਖੀ ਦਾ ਪ੍ਰਚਾਰ ਕੀਤਾ, ਕੁਝ ਸਮੇਂ ਬਾਅਦ ਭਾਈ ਮਹਾਰਾਜ ਸਿੰਘ ਜੀ ਆਪ ਜੀ ਦੀ ਚਰਨ ਸ਼ਰਨ ਵਿੱਚ ਆਏ ਅਤੇ ਬਾਬਾ ਜੀ ਦੇ ਹੁਕਮ ਨਾਲ ਲੰਗਰ ਵਿੱਚ ਪ੍ਰਸ਼ਾਦੇ ਪਕਾਉਣ ਅਤੇ ਲੰਗਰ ਵਿੱਚ ਬਾਲਣ ਲਿਆਉਣ ਦੀ ਸੇਵਾ ਕਰਨ ਲਗੇ। ਇੰਨੀ ਕਰੜੀ ਸੇਵਾ ਕਰਨ ਲਗੇ ਕਿ ਸਿਰਫ਼ ਕਛਹਿਰੇ ਤੋਂ ਬਿਨਾਂ ਤਨ ਤੇ ਕੋਈ ਕਪੜਾ ਨਾ ਰਖਦੇ, ਤੇੜ ਕਛਹਿਰਾ ਅਤੇ ਸਿਰ ਉਪਰ ਇਕ ਛੋਟੀ ਜਿਹੀ ਭੂਰੀ ਬੰਨ ਰਖਦੇ, ਇਕ ਰਸ ਦਿਨ ਰਾਤ ਲੰਗਰ ਵਿੱਚ ਸੇਵਾ ਕਰਦੇ। ਜੇਠ ਹਾੜ ਦੇ ਮਹੀਨੇ ਲੋਹ ਲੰਗਰ ਕੋਲ ਬੈਠ ਕੇ ਦਿਨ ਰਾਤ ਪ੍ਰਸ਼ਾਦ ਪਕਾਉਂਦੇ। ਕਈ ਵਾਰ ਸਿਰ ਤੋਂ ਪਸੀਨਾ ਨੁਚੜ ਕੇ ਪੈਰਾਂ ਤੱਕ ਆ ਜਾਂਦਾ ਪ੍ਰੰਤੂ ਉਨ੍ਹਾਂ ਨੂੰ ਕੋਈ ਪ੍ਰਵਾਹ ਨਾ ਹੁੰਦੀ, ਉਨ੍ਹਾਂ ਦੀ ਰਸਨਾ ਤੋਂ ਇਕ ਰਸ ਚਾਰ ਅਖਰਾ ਗੁਰਮੰਤ੍ਰ ਦਾ ਜਾਪ ਨਿਰੰਤਰ ਆਪ ਮੁਹਾਰੇ ਹੁੰਦਾ ਰਹਿੰਦਾ ਅਤੇ ਹਥ ਗੁਰੂ ਕਾ ਲੰਗਰ ਤਿਆਰ ਕਰਨ ਵਿੱਚ ਮਸਤ ਰਹਿੰਦੇ। ਆਪ ਜੀ ਆਪਣੇ ਕੋਲ ਇਕ ਚਿੱਟਾ-ਸਫੈਦ ਰੁਮਾਲ ਅਰਥਾਤ ਕਪੜਾ ਰਖਦੇ ਜਿਸ ਨਾਲ ਭਾਈ ਜੀ ਸੰਗਤਾਂ ਦੇ ਜੋੜੇ ਸਾਫ਼ ਕਰਦੇ ਅਤੇ ਫਿਰ ਕਪੜੇ ਨਾਲ ਲਗੀ ਸਾਰੀ ਚਰਨ ਧੂੜ ਆਪਣੇ ਮੁਖ ਮੰਡਲ ਅਤੇ ਸਰੀਰ ਤੇ ਕਪੜਾ ਫੇਰ ਕੇ ਲਗਾ ਲੈਂਦੇ ਸਨ। ਇਸ ਪ੍ਰਥਾਇ ਗਰੰਥ 'ਸ੍ਰੀ ਬੀਰ ਮ੍ਰਿਗੇਸ਼ ਗੁਰ ਬਿਲਾਸ' ਕਰਤਾ ਸ਼ੇਰ ਸਿੰਘ ਦੇ ਪੰਨਾ 927 ਤੇ ਵਿਚਾਰ ਪੜ੍ਹਨ ਯੋਗ ਹਨ-

ਪੁਨ: ਸ੍ਰੀ ਮਹਾਰਾਜ ਸਿੰਘ ਜੀ ਨੇ ਪੂਰਬ ਉਕਤ ਰੀਤੀ ਸੇ ਤਪ ਕਾ ਆਰੰਭ ਕੀਆ, ਸਵਾ ਪਹਰ ਰਾਤ੍ਰ ਰਹਤੀ ਹੁਈ ਸ੍ਰੀ ਗੁਰੂ ਬੀਰ ਸਿੰਘ ਜੀ ਕਾ ਬਾਰਹ ਮਾਸ ਗਰਮ ਜਲ ਸੇ ਇਸ਼ਨਾਨ ਕਰਵਾਯਾ ਕਰੇ। ਜਬ ਸ੍ਰੀ ਗੁਰੂ ਬੀਰ ਸਿੰਘ ਜੀ ਇਸਨਾਨ ਕਰਕੇ ਅਪਨੇ ਸਿੰਘਾਸਨ ਪਰ ਬਰਾਜਮਾਨ ਹੋ ਜਾਵੈ ਤਬ ਸਹਜਾ ਸਿੰਘ ਭੈਠਲ ਔਰ ਹੀਰਾ ਸਿੰਘ ਮਾਲੂਵਾਲੀਆ ਇਨ ਦੋਨੋਂ ਨੇ ਦਹੀਂ ਲਯਾਨਾ ਤਬ ਕਬੀ-ਕਬੀ ਸਾਹਿਬ ਨੇ ਦੁਧ ਕਾ ਏਕ ਕੌਲ ਭਰ ਕੇ ਆਪ ਸੀਤ ਪ੍ਰਸਾਦ ਕਰਕੇ ਮਹਾਰਾਜ ਸਿੰਘ ਕੋ ਦੇਣਾ ਪ੍ਰੰਤੂ ਇਸ ਨੇ ਨਾ ਲੈਣਾ, ਸਾਹਿਬ ਨੇ ਪੁਨ ਪੁਨ ਕਹਣਾ ਤਬ ਕਬੀ ਕਬੀ ਦੁਧ ਪੀ ਲੇਨਾ, ਕਬੀ ਕਬੀ ਨਾ ਪੀਣਾ, ਪੁਨ: ਕਬੀ ਕਬੀ ਗੁਰੂ ਜੀ ਨੇ ਬਚਨ ਕਰਣਾ, ਕਿ ਅਰੇ ਅੰਨ ਪਾਣੀ ਖਾ ਪੀ ਲੀਆ ਕਰ, ਨਹੀ ਤੋ ਫੇਰ ਜਨਮ ਧਾਰ ਕੇ ਖਾਣਾ ਪੀਣ ਲਗੇਗਾ। ਪਰੰਤੂ ਮਹਾਰਾਜ ਸਿੰਘ ਜੀ ਬਡੇ ਹਠੀ, ਮਾਨਨੇਂ ਮੈ ਆਵੈ ਨਹੀ॥ ਮਹਾਰਾਜ ਸਿੰਘ ਜੀ ਨੇ ਏਕ ਸਵੇਤ ਰੁਮਾਲ ਹਾਥ ਮੈ ਰਖਣਾ, ਉਸ ਰੁਮਾਲ ਸੇ ਪ੍ਰਥਮ ਸ੍ਰੀ ਗੁਰੂ ਜੀ ਕਾ ਜੋੜਾ ਸਾਫ਼ ਕਰਕੇ.. ਪੁਨ ਬਾਗ ਮੈ ਜਾਇਕੇ ਸ੍ਰੀ ਖੁਦਾਇ ਸਿੰਘ ਜੀ ਕਾ ਜੋੜ ਝਾੜ ਕੇ... ਪੁਨ: ਸਰਬ ਸਾਧ ਸੰਗਤ ਕੇ ਜੋੜੇ ਸਾਫ਼ ਕਰਕੇ ਅਪਨੇ ਬਦਨ ਉਪਰ ਸਾਰੇ ਫੇਰ ਕੇ ਪੁਨ: ਜਲ ਸੇ ਰੁਮਾਲ ਕੋ ਧੋ ਕੇ ਲੰਗਰ ਮੈ ਚਲੇ ਜਾਣਾ......।

ਉਪਰੋਕਤ ਹਵਾਲਾ ਦੇਣ ਦਾ ਸਾਡਾ ਆਸ਼ਾ ਇਹੋ ਹੈ ਕਿ ਭਾਈ ਮਹਾਰਾਜ ਸਿੰਘ ਜੀ ਗੁਰਮਤਿ ਦੀ ਮੰਜ਼ਲ ਦੇ ਪਾਂਧੀ

ਸਨ ਅਤੇ ਇਸ ਲਈ ਉਹ ਸਫੈਦ ਰੁਮਾਲ, ਸਫੈਦ ਬਸਤਰ ਜੋ ਕਿ ਗੁਰਸਿਖੀ ਦਾ ਸਦਾ ਪਹਿਰਾਵਾ ਰਿਹਾ ਹੈ, ਚਿੰਨ ਵਜੋਂ ਆਪਣੇ ਕੋਲ ਰਖਿਆ ਕਰਦੇ ਸਨ। ਇਤਿਹਾਸ ਗਵਾਹ ਹੈ ਕਿ ਜਦੋਂ ਭਾਈ ਸਾਹਿਬ ਜੀ ਨੇ ਅੰਗਰੇਜ਼ ਦੇ ਖਿਲਾਫ਼ ਖਾਲਸਾ ਰਾਜ ਨੂੰ ਮੁੜ ਉਜਾਗਰ ਕਰਨ ਲਈ ਜਹਾਦ ਛੇੜਿਆ ਤਾਂ ਆਪ ਜੀ ਨੇ ਚਿੱਟੇ ਰੰਗ ਦਾ ਝੰਡਾ ਹੱਥ ਵਿੱਚ ਲੈ ਕੇ ਲੋਕਾਈ ਨੂੰ ਲਾਮਬੰਦ ਕੀਤਾ ਸੀ। ਜਿਸਦੀ ਪੁਸ਼ਟੀ ਇਕ ਤਸਵੀਰ ਤੋਂ ਹੁੰਦੀ ਹੈ ਜੋ ਭਾਈ ਨਾਹਰ ਸਿੰਘ ਐਮ.ਏ. ਦੀ ਪੁਸਤਕ Documents Relating to Bhai Maharaj Singh ਤੋਂ ਹੋ ਜਾਂਦੀ ਹੈ। ਏਸੇ ਤਰ੍ਹਾਂ ਆਪ ਜੀ ਨੇ ਜਦ ਚਿੱਟਾ ਝੰਡਾ ਹੱਥ ਵਿੱਚ ਲੈ ਕੇ ਖਾਲਸਾ ਰਾਜ ਦੀ ਸਲਾਮਤੀ ਲਈ ਯਤਨ ਅਰੰਭ ਕੀਤੇ ਤਾਂ ਆਪ ਜੀ ਹਮੇਸ਼ਾਂ ਚਿਟੇ ਬਸਤਰ ਪਹਿਨਿਆ ਕਰਦੇ ਸਨ। ਇਸਦੀ ਪੁਸ਼ਟੀ ਭਾਈ ਨਾਹਰ ਸਿੰਘ ਦੀ ਭਾਈ ਮਹਾਰਾਜ ਸਿੰਘ ਨਾਲ ਸੰਬੰਧਤ ਸਰਕਾਰੀ ਕਾਗਜ਼ਾਤ ਵਾਲੀ ਪੁਸਤਕ ਜਿਸਦਾ ਅਨੁਵਾਦ ਭਾਈ ਅਮਰੀਕ ਸਿੰਘ ਜੀ ਨੇ ਕੀਤਾ ਸੀ ਅਤੇ ਸੰਤ ਈਸ਼ਰ ਸਿੰਘ ਰਾੜਾ ਸਾਹਿਬ ਵਾਲਿਆਂ ਦੇ ਯਤਨਾਂ ਨਾਲ ਪਟਿਆਲੇ ਤੋਂ ਪ੍ਰਕਾਸ਼ਤ ਹੋਈ ਸੀ ਵਿੱਚ ਭਾਈ ਸਾਹਿਬ ਜੀ ਦੀ ਤਸਵੀਰ ਤੋਂ ਹੋ ਜਾਂਦੀ ਹੈ।

ਭਾਈ ਮਹਾਰਾਜ ਸਿੰਘ ਜੀ ਦੀ ਸਿੰਘਾਪੁਰ ਵੱਲ ਜਲਾਵਤਨੀ ਤੋਂ ਬਾਅਦ ਇਕ ਵਾਰ ਫਿਰ ਖਾਲਸਾ ਪੰਥ ਨਿਆਸਰਾ ਤੇ ਦਿਸ਼ਾ ਹੀਣ ਹੋ ਗਿਆ ਪ੍ਰੰਤੂ ਅਕਾਲ ਪੁਰਖ ਨੇ ਸਿਖ ਜਗਤ ਦੀ ਪੁਕਾਰ ਸੁਣ ਕੇ ਅਰਦਾਸ ਤੇ ਰੀਝ ਕੇ ਸਤਿਗੁਰੂ ਰਾਮ ਸਿੰਘ ਜੀ ਨੂੰ ਸਿਖ ਜਗਤ ਦੀ ਰਖਿਆ ਲਈ ਭੇਜਿਆ। ਜਿਨ੍ਹਾਂ ਨੇ 1816 ਈ. ਨੂੰ ਬਸੰਤ ਪੰਚਮੀ ਦੇ ਦਿਹਾੜੇ ਜਿਲ੍ਹਾ ਲੁਧਿਆਣਾ ਦੇ ਪਿੰਡ ਭੈਣੀ ਰਾਈਆਂ ਵਿਖੇ ਅਵਤਾਰ ਧਾਰਿਆ। ਉਨ੍ਹਾਂ ਨੇ 1857 ਈ. ਦੇ ਵਿਸਾਖੀ ਦੇ ਦਿਹਾੜੇ ਸੰਤ ਖਾਲਸਾ ਦੀ ਸਾਜਨਾ ਕੀਤੀ ਅਤੇ ਸਿਖ ਜਗਤ ਵਿੱਚ ਆਰਥਿਕ, ਸਮਾਜਿਕ ਅਤੇ ਧਾਰਮਿਕ ਪੱਖ ਤੋਂ ਜਾਗ੍ਰਤੀ ਲਿਆਂਦੀ ਅਤੇ ਬਿਦੇਸ਼ੀ ਸਰਕਾਰ ਅੰਗਰੇਜ਼ਾਂ ਤੋਂ ਛੁਟਕਾਰਾ ਪਾਉਣ ਲਈ ਉਨ੍ਹਾਂ ਨੇ ਪੰਜਾਬੀਆਂ ਨੂੰ ਨਾ-ਮਿਲਵਰਤਨ ਅੰਦੋਲਨ ਨਾਮਕ ਨਵਾਂ ਹਥਿਆਰ ਦਿੱਤਾ। ਜਿਸ ਦੇ ਤਹਿਤ ਲੋਕਾਈ ਨੇ ਅੰਗਰੇਜ਼ ਸਰਕਾਰ ਦੀ ਹਰ ਚੀਜ਼ ਦਾ ਬਾਈਕਾਟ ਕੀਤਾ ਅਤੇ ਭਾਰਤੀ ਰਿਆਸਤਾਂ ਤੇ ਉਸ ਸਮੇਂ ਦੇ ਦੇਸ਼ ਰੂਸ ਆਦਿਕ ਦੇਸ਼ਾਂ ਨਾਲ ਅੰਗਰੇਜ਼ ਹਕੂਮਤ ਦਾ ਤਖਤ ਪਲਟਣ ਲਈ ਸੰਬੰਧ ਕਾਇਮ ਕੀਤੇ। ਇਸਦੇ ਨਾਲ ਸਤਿਗੁਰਾਂ ਨੇ ਲੋਕਾਈ ਵਿੱਚ ਜਾਗ੍ਰਿਤੀ ਲਿਆਉਣ ਲਈ ਸਫੈਦ ਗੁਰਮੁਖੀ ਬਾਣੇ ਦਾ ਪ੍ਰਚਾਰ ਕੀਤਾ ਅਤੇ ਸਿਧੀ ਪੱਗ (ਗੋਲ ਦਸਤਾਰੇ) ਬੰਨਣ ਦੀ ਪ੍ਰੰਪਰਾ ਸ਼ੁਰੂ ਕੀਤੀ ਜੋ ਦਸ ਗੁਰੂ ਸਾਹਿਬਾਨ ਦੇ ਸਮੇਂ ਪ੍ਰਵਾਨ ਸੀ, ਇਸਦੇ ਨਾਲ ਅਕਾਲ ਪੁਰਖ ਦਾ ਸਿਮਰਨ ਸਫੈਦ ਉਨ ਦੀ ਮਾਲਾ ਜਿਸਦੇ 108 ਮਣਕੇ ਹੁੰਦੇ ਹਨ, ਸਿਖ ਨੂੰ ਪ੍ਰਦਾਨ ਕੀਤੀ। ਇਸਦੀ ਪੁਸ਼ਟੀ ਸਤਿਗੁਰੂ ਰਾਮ ਸਿੰਘ ਜੀ ਦੇ ਸਮਕਾਲੀ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਦੇ ਗ੍ਰੰਥ 'ਸ੍ਰੀ ਗੁਰੂ ਪੰਥ ਪ੍ਰਕਾਸ਼' ਤੋਂ ਇਸ ਪ੍ਰਕਾਰ ਹੁੰਦੀ ਹੈ-

ਸ਼ੁਕਲ ਬਸਨ ਮਾਲਾ ਸੂਧੀ ਦਸਤਾਰ ਦਾੜ੍ਹੀ,
ਕਰਹੈ ਰਸਨਾ ਪਾਠ ਗ੍ਰੰਥ ਗੁਰੂ ਜੂ ਕੇ ਹੈਂ।
ਦਸਮੇਂ ਗੁਰੁ ਕੇ ਸਿੰਘ ਸਾਦਕ ਸਹੀ ਹੈ,
ਸਭ ਲਾਲਸਾ ਲਲਾਮ ਰਾਜ ਲੈਬੇ ਕੀ ਅਚੂਕੇ ਹੈਂ।
ਹੇਰੇ ਜੈਸੇ ਲਖਿਨ ਹੈ ਟੇਰੇ ਤੈਸੇ ਗਿਆਨ ਸਿੰਘ,
ਐਸੇ ਪ੍ਰਸਿੱਧ ਹੀ ਅਬਿਧ ਸਿਖ ਕੂਕੇ ਹੈਂ।

ਇਸ ਪ੍ਰਥਾਇ ਭਾਵ ਨਾਮਧਾਰੀ ਸਿਖਾਂ ਦੇ ਸਫੈਦ ਬਸਤਰ ਅਤੇ ਉਨ੍ਹਾਂ ਬਾਰੇ ਸੰਖੇਪ ਜਾਣਕਾਰੀ ਲਈ ਮਹੰਤ ਗਣੇਸ਼ਾ ਸਿੰਘ ਦੀ ਲਿਖਤ ਜੋ ਉਨ੍ਹਾਂ ਦੀ ਪੁਸਤਕ 'ਭਾਰਤ ਮਤ ਦਰਪਣ' ਵਿੱਚ ਦਰਜ ਹੈ, ਪੜ੍ਹਨ ਯੋਗ ਹੈ, ਇਸ ਪ੍ਰਕਾਰ ਹੈ-

ਏਸ ਗਲ ਦੀ ਦੇਸ਼ ਭਰ ਵਿੱਚ ਧੁੰਮ ਪੈ ਗਈ ਦਿਨ ਪ੍ਰਤੀ ਦਿਨ ਮਾਲਵੇ ਮਾਝੇ ਪੋਠੋਹਾਰ ਅਰ ਦੁਆਬੇ ਆਦਿ ਪ੍ਰਾਂਤਾਂ ਦੇ ਅਨੇਕਾਂ ਹੀ ਜਗਆਸੂ ਆਇਆ ਜਾਇਆ ਕਰਨ ਅਰ ਨਾਮ ਲੈ ਕੇ ਸੇਵਕ ਹੁੰਦੇ ਜਾਣ। ਜਦ ਇਸ ਤਰ੍ਹਾਂ ਪ੍ਰਚਾਰ ਵੱਧ ਗਿਆ ਤੱਦ ਆਪ ਨੇ 22 ਸੂਬੇ ਅਕਬਰ ਦੀ ਤਰ੍ਹਾਂ ਨੀਯਤ ਕੀਤੇ ਅਰ ਹੁਕਮ ਦਿੱਤਾ ਕਿ ਜਿਸ ਅਧਿਕਾਰੀ ਨੂੰ ਜਿਹੜਾ ਸੂਬਾ ਨੇੜ੍ਹੇ ਹੋਵੇ ਉਥੇ ਚੇਲਾ ਹੋ ਜਾਵੇ। ਸੂਬੇ ਤੋਂ ਬਿਨਾਂ ਹੋਰ ਕਿਸੇ ਨੂੰ ਮੰਤਰ ਦੇਣ ਦਾ ਅਧਿਕਾਰ ਨਹੀਂ ਸੀ। ਇਸ ਰੀਤੀ ਨਾਲ ਵੀ ਚੰਗਾ ਪ੍ਰਚਾਰ ਹੋਣ ਲੱਗਾ। ਆਪ ਜਿਹੀ ਹੀ ਤਸੀਰ ਸੂਬਿਆਂ ਦੇ ਗੁਰਮੰਤ੍ਰ ਵਿੱਚ ਹੋਈ। ਇਸ ਤਰ੍ਹਾਂ ਅਣਗਿਣਤ ਆਦਮੀਆਂ ਅੰਮ੍ਰਿਤ ਛਕਾਏ ਕੇਸ ਰਖਾਏ, ਹੁੱਕੇ ਛਡਾਏ, ਭੰਗ ਪੋਸਤ, ਅਫੀਮ ਆਦਿ ਨਸ਼ਿਆਂ ਦੀ ਭੈੜੀ ਆਦਤ ਬੰਦ ਕੀਤੀ। ਥਾਂ-ਥਾਂ ਢੋਲਕ ਛੈਣਿਆਂ ਨਾਲ ਗੁਰੂ ਜੀ ਸ਼ਬਦਾਂ ਦਾ ਪੜ੍ਹਨਾ ਆਰੰਭ ਹੋਇਆ। ਗੰਦੇ ਗੀਤ ਜਾਂ ਬੋਲੀਆਂ ਦਾ ਕੋਈ ਨਾਮ ਤੱਕ ਨਾ ਲਵੇ। ਸਮੇਂ-ਸਮੇਂ ਪਰ ਹਵਨ, ਗੁਰੂ ਗ੍ਰੰਥ ਸਾਹਿਬ ਦੇ ਪਾਠ ਅਰ ਜੋੜ ਮੇਲੇ ਹੋਇਆ ਕਰਨ। ਗੱਲ ਕਾਹਦੀ ਇਕ ਵਾਰ ਕਲਿਜੁਗ ਵਿੱਚ ਹੀ 'ਸਤਿਜੁਗ' ਦੀ ਲੜੀ ਵਰਤਾ ਦਿੱਤੀ। (ਸਫਾ 94)

ਸਫੈਦ ਵਸਤ੍ਰ ਸਿਧੀ ਦਸਤਾਰ ਚਿਟੀ ਉਨ ਦੀ ਮਾਲਾ, ਚਿਟੇ ਉਨ ਦੇ ਆਸਣ ਸਿਧੀ ਦਾੜ੍ਹੀ, ਕਰਦ, ਕੜਾ ਕੱਛ ਆਦਿ ਸੰਕੇਤ ਰਖਣੇ, ਸਕੇਸ਼ ਇਸ਼ਨਾਨ ਕਰਨਾ, ਮਦ

ਮਾਸ ਨਹੀਂ ਖਾਣਾ, ਇਸਤ੍ਰੀਆਂ ਨੂੰ ਅੰਮ੍ਰਿਤ ਛਕਾਣਾ ਇਤਯਾਦੀ ਨਿਜ ਮਰਯਾਦਾ ਦਾ ਪੱਕਾ ਸੰਕੇਤ ਕਰ ਲਿਆ।

ਆਪਣੀ ਕ੍ਰਿਤ ਕਰਕੇ ਖਾਣਾ, ਦਸਵੰਧ ਭੈਣੀ ਸਾਹਿਬ ਭੇਜਣਾ, ਅੰਮ੍ਰਿਤ ਛਕਣਾ, ਸਫੈਦ ਬਸਤਰ ਓਢਣੇ, ਉਨ ਦੀ ਮਾਲਾ ਆਦਿ ਪੂਰੇ ਸੰਕੇਤ ਰੱਖਣੇ। (ਸਫਾ 96)

ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਚਾਰ ਸਦਕਾ ਲੋਕਾਈ ਵਿੱਚ ਜਾਗ੍ਰਤੀ ਆਈ ਅਤੇ ਭਾਰਤ ਦੇਸ਼ ਦੀ ਜਨਤਾ ਅੰਗਰੇਜ਼ ਹਕੂਮਤ ਦੇ ਖਿਲਾਫ਼ ਉਠ ਖਲੋਈ। ਅੰਗਰੇਜ਼ ਸਰਕਾਰ ਨੇ ਸਤਿਗੁਰਾਂ ਦੀ ਅਵਾਜ਼ ਤੇ ਪੈਗਾਮ ਨੂੰ ਖਤਮ ਕਰਨ ਲਈ 1872 ਈ. ਵਿੱਚ ਜਲਾਵਤਨ ਕਰ ਦਿੱਤਾ ਤਾਂ ਉਨ੍ਹਾਂ ਦੇ ਪ੍ਰਚਾਰ ਨੂੰ ਸਤਿਗੁਰੂ ਹਰੀ ਸਿੰਘ ਤੇ ਸਤਿਗੁਰੂ ਪ੍ਰਤਾਪ ਸਿੰਘ ਨੇ ਅੱਗੇ ਵਧਾਇਆ, ਫਿਰ ਉਨ੍ਹਾਂ ਦੀ ਪਲੀਸੀ ਨੂੰ ਕਾਂਗਰਸ ਪਾਰਟੀ ਨੇ ਅਪਨਾਇਆ ਅਤੇ ਦੇਸ਼ ਭਗਤੀ ਦੀ ਸਪਿਰਟ ਸਦਕਾ ਦੇਸ਼ 1947 ਈ. ਵਿੱਚ ਆਜ਼ਾਦ ਹੋਇਆ।

ਅੱਜ ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਦੀ ਅਗਵਾਈ ਸਤਿਗੁਰੂ ਉਦੇ ਸਿੰਘ ਜੀ ਕਰ ਰਹੇ ਹਨ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਜਨਮ ਸਥਾਨ ਪਿੰਡ ਰਾਈਆਂ ਅਤੇ ਸ੍ਰੀ ਭੈਣੀ ਸਾਹਿਬ ਵਿੱਚ ਸਤਿਗੁਰਾਂ ਨੇ ਚਿਟਾ ਨਿਸ਼ਾਨ ਸਾਹਿਬ ਝੁਲਾ ਕੇ ਗੁਰਮਤਿ ਅਤੇ ਸਿਖ ਇਤਿਹਾਸ ਦੀ ਪ੍ਰਾਚੀਨ ਪ੍ਰੰਪਰਾ ਨੂੰ ਮੁੜ-ਉਜਾਗਰ ਕਰਕੇ ਸਦਾ ਲਈ ਅਮਰ ਕਰ ਦਿੱਤਾ ਹੈ। ਇਸੇ ਤਰ੍ਹਾਂ ਬ੍ਰਹਮ ਗਿਆਨੀ ਸੰਤ ਬਾਬਾ ਮਨੀ ਸਿੰਘ ਜੀ ਅਮਰੀਕਾ ਵਾਲਿਆਂ ਨੇ ਪਿੰਡ ਸਭਾਨਾ (ਜਲੰਧਰ ਸ਼ਹਿਰ ਦੇ ਨੇੜੇ) ਵਿਖੇ ਗੁਰਦੁਆਰੇ ਦੀ ਇਮਾਰਤ ਦੀ ਤਾਮੀਰ ਕਰਵਾ ਕੇ ਉਥੇ ਚਿਟੇ ਸਫੈਦ ਨਿਸ਼ਾਨ ਸਾਹਿਬ ਨੂੰ ਝੁਲਾ ਕੇ ਗੁਰਸਿਖੀ ਦੀ ਅਲੋਪ ਹੋ ਰਹੀ ਪ੍ਰਾਚੀਨ ਪ੍ਰੰਪਰਾ ਨੂੰ ਪੁਨਰ ਸੁਰਜੀਤ ਕੀਤਾ ਹੈ। ਉਪਰੋਕਤ ਸਾਰੇ ਵੇਰਵਿਆਂ ਤੋਂ ਭਲੀ ਭਾਂਤ ਪ੍ਰਗਟ ਹੋ ਗਿਆ ਹੈ ਕਿ ਨਿਹੰਗ ਸਿੰਘਾਂ ਤੋਂ ਬਿਨਾਂ ਹੋਰ ਕਿਸੇ ਵੀ ਮਹਾਂਪੁਰਸ਼ ਜਾਂ ਕਿਸੇ ਗੁਰਸਿਖ ਕਦੇ ਵੀ ਨੀਲੇ ਜਾਂ ਕਾਲੇ ਬਸਤਰ ਨਹੀਂ ਪਹਿਨੇ, ਹਮੇਸ਼ਾ ਸਫੈਦ ਹੀ ਪਹਿਨਣ ਦਾ ਰਿਵਾਜ ਰਿਹਾ ਹੈ ਅਤੇ ਇਹੋ ਹੀ ਗੁਰਮਤਿ ਦੀ ਨਿਸ਼ਾਨੀ ਹੈ।

..............................................

## ਤ੍ਰਿਬਿਧਿ ਜੋਗ

ਕੁੰਡਲ ਖੁੱਲ੍ਹਦਾ ਹੈ ਔਰ ਇਹ ਉੱਪਰ ਨੂੰ ਚੜਨਾ ਆਰੰਭ ਕਰਦੀ ਹੈ। ਪਹਿਲਾ ਚੱਕਰ ਮੂਲਾਧਾਰ ਹੈ। ਇਹ ਅਦਿੱਖ ਗੁਫ਼ਾ, ਕੁੰਡਲਿਨੀ ਸ਼ਕਤੀ ਦਾ ਨਿਵਾਸ ਹੁੰਦੀ ਹੈ। ਇੱਛਾ ਸ਼ਕਤੀ ਨਾਲ ਇਸ ਯੋਗ ਦਾ ਸਾਧਕ, ਕੁੰਡਲਿਨੀ ਨੂੰ ਪਹਿਲਾਂ ਇਸ਼ਨਾਨ ਕਰਵੰਦਾ ਹੈ। ਮੂਲਾਧਾਰ ਤੋਂ ਬਾਹਰ ਨਿਕਲਦਿਆਂ, ਘਰ ਤੋਂ ਤੁਰਦਿਆਂ ਤ੍ਰਿਵੈਣੀ ਦਿਸਦੀ ਹੈ, ਤਿੰਨ ਨਦੀਆਂ ਦਾ ਸੰਗਮ! ਗੰਗਾ, ਯਮੁਨਾ, ਸਰਸਵਤੀ ਵਾਂਗ! ਮੂਲਾਧਾਰ ਤੋਂ ਨਿਕਲਦਿਆਂ, ਤਿੰਨ ਨਦੀਆਂ ਦਾ ਸੰਗਮ! ਭਗਤ ਬੇਣੀ ਜੀ ਦੀ ਇਹ ਬਾਣੀ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ-

ਇੜਾ ਪਿੰਗੁਲਾ ਅਉਰ ਸੁਖਮਨਾ ਤੀਨਿ ਬਸਹਿ ਇਕ ਠਾਈ॥
ਬੇਣੀ ਸੰਗਮੁ ਤਹ ਪਿਰਾਗੁ ਮਨੁ ਮਜਨੁ ਕਰੇ ਤਿਥਾਈ॥

ਥੱਲੇਂ, ਜਿੱਥੋਂ ਰੀੜ੍ਹ ਦੀ ਹੱਡੀ ਆਰੰਭ ਹੁੰਦੀ ਹੈ, ਉਸ ਵਿਚ ਇੜਾ ਅਤੇ ਪਿੰਗੁਲਾ ਦੋ ਨਾੜੀਆਂ, ਰੀੜ ਦੇ ਨਾਲ ਨਾਲ ਉੱਪਰ ਜਾ ਰਹੀਆਂ ਹਨ।ਇਹਨਾਂ ਦੋਹਾਂ ਦੇ ਮੱਧ, ਰੀੜ੍ਹ ਦੇ ਅੰਦਰ ਸੁਖਮਨਾ ਨਾੜੀ, ਇਸ ਨੂੰ ਯੋਗੀ ਮਹਾਂਨਦੀ ਵੀ ਕਹਿੰਦੇ ਹਨ। ਇਹਨਾਂ 'ਚੋਂ ਪ੍ਰਾਣੀ ਦੀ ਪ੍ਰਾਣ ਸ਼ਕਤੀ ਪ੍ਰਵਾਹਿਤ ਹੁੰਦੀ ਹੈ। ਯੋਗੀ ਇੱਛਾ ਸ਼ਕਤੀ ਨਾਲ, ਇਸ ਤ੍ਰਿਵੇਣੀ ਵਿਚ ਇਸ਼ਨਾਨ ਕਰ ਕੇ, ਵਿਕਾਰਾਂ ਦੀ ਮੈਲ ਤੋਂ ਰਹਿਤ ਹੋ ਕੇ, ਉੱਪਰ ਦੀ ਯਾਤਰਾ ਜਾਰੀ ਰੱਖਦਾ ਹੈ। ਅੱਗੇ, ਸਵਧਿਸ਼ਠਾਨ ਚੱਕਰ, ਮਣਿਪੁਰ ਚੱਕਰ, ਅਨਾਹਤ ਚੱਕਰ, ਵਿਸ਼ੁੱਧ ਚੱਕਰ 'ਚੋਂ ਲੰਘ ਕੇ ਇਹ ਕੁੰਡਲਿਨੀ, ਦਸਮ ਦੁਆਰ ਜਾਂ ਸਹਸਤਾਰ ਵਿਚ ਮਿਲ ਕੇ, ਪਰਮ ਸ਼ਕਤੀਮਾਨ ਹੋ ਜਾਂਦੀ ਹੈ। ਇਹ ਯੋਗ ਵਿਧੀ, ਆਮ ਤੌਰ 'ਤੇ, ਅਵਧੂਤ, ਔਘੜ ਜਿਹੇ ਸਾਧੂ ਵਰਤਦੇ ਹਨ। ਤਾਂ ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ, ਤਿੰਨ ਤਰ੍ਹਾਂ ਦੇ ਲੋਕ, ਤਿੰਨ ਤਰ੍ਹਾਂ ਦੇ ਯੋਗ ਮਾਰਗ 'ਤੇ ਤੁਰਦੇ ਹਨ। ਮੇਰੇ ਸਤਿਗੁਰ ਕਹਿੰਦੇ ਹਨ, ਇਕ ਪੰਕਤੀ ਵਿਚ, ਯੋਗ ਦੀ ਗੱਲ ਕਰਾਂ ਤਾਂ- ਸਬਦੁ ਵੀਚਾਰੈ ਚੂਕਸਿ ਸੋਗਾ॥ ਸ਼ਬਦ ਹੈ ਤੁਹਾਡੀ ਰੂਹ! ਤੁਹਾਡੀ ਜੀਵਾਤਮਾ! ਸਾਰੇ ਵਿਚਾਰ ਬਾਹਰਲੀਆਂ ਪ੍ਰਾਪਤੀਆਂ, ਪ੍ਰੀਤਾਂ ਜਾਂ ਵੈਰੀਆਂ ਪ੍ਰਤੀ ਦੁਰਭਾਵਨਾ ਨਾਲ ਪ੍ਰੇਰਤ ਹੁੰਦੇ ਹਨ। ਇਹਨਾਂ ਤੋਂ ਪਰ੍ਹੇ, ਆਪਣੇ ਮੂਲ ਦਾ ਵਿਚਾਰ, ਆਪਣੇ ਨਿੱਜ ਰੂਪ ਦਾ ਵਿਚਾਰ, ਆਤਮ-ਆਕਾਸ਼ ਦਾ ਮਾਰਗ ਖੋਲ੍ਹ ਦਿੰਦਾ ਹੈ ਔਰ ਸੁਰਤਿ ਅਨੰਤ ਦੀ ਉਡਾਰੀ ਯੋਗ ਸਮਰੱਥ ਹੋ ਜਾਂਦੀ ਹੈ। ਗੁਰੂ ਨਾਨਕ ਪਾਤਸ਼ਾਹ, ਰਾਮਕਲੀ ਰਾਗ ਵਿਚ, ਮਰਦਾਨੇ ਦੀ ਰਬਾਬ ਸੰਗ ਗਾਉਂਦੇ ਹਨ-

ਖਟੁ ਮਟੁ ਦੇਹੀ ਮਨੁ ਬੈਰਾਗੀ॥
ਸੁਰਤਿ ਸਬਦੁ ਧੁਨਿ ਅੰਤਰਿ ਜਾਗੀ॥

ਇਕ ਇਲਾਹੀ ਧੁਨਿ, ਜਿਸ ਅਵਸਥਾ ਬਾਬਤ, ਪੰਜਵੇਂ ਪਾਤਸ਼ਾਹ ਕਹਿੰਦੇ ਹਨ, ਆਤਮ ਰਸ ਵਿਚ ਵਿਭੋਰ ਹੋਇਆ ਜੋਗੀ, ਪਰਮ ਆਨੰਦ ਵਿਚ ਝੂਲਦਾ ਹੈ-

ਕਿੰਕੁਰੀ ਅਨੂਪ ਵਾਜੈ...ਜੋਗੀਆ ਮਤਵਾਰੋ ਰੇ।

..............................................

# ਬੀਤੇ ਦੀਆਂ ਪੈੜਾਂ



**(ਅਣਛਪਿਆ–ਭਾਗ)**

**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

### 13 ਜਨਵਰੀ 1987, ਮੰਗਲਵਾਰ (ਲੋਹੜੀ)
### ਨਵੀਂ ਦਿੱਲੀ

**ਰੋਗ ਕਿਹ੍ਵਾ ਤੂੰ ਲੈ ਬੈਠਾ ਏਂ? –** ਮੈਂ ਅੱਜ ਦੁਪਹਿਰ ਹੀ ਕੋਠੀ, ਗੁਰੂ ਦੇ ਦਰਸ਼ਨਾਂ ਨੂੰ ਗਿਆ। 12.30 ਵਜੇ ਸ੍ਰੀ ਸਤਿਗੁਰੂ ਜੀ ਦਾ ਨਿਜੀ ਡਾਕਟਰ ਮੁਸ਼ਰਫ਼ ਅਲੀ ਮੂਸਾ ਆਇਆ। ਏਧਰ ਸ੍ਰੀ ਹਜ਼ੂਰ ਵਿਰਾਜ ਕੇ ਉੱਠੇ। ਆਪ ਸਾਡੀ ਸਭ ਦੀ ਨਮਸਕਾਰ ਪਰਵਾਨ ਕਰਕੇ ਬੈਠਣ ਕਮਰੇ ਵਿੱਚ ਡਾਕਟਰ ਨਾਲ ਇਕਾਂਤ ਹੋ ਗਏ।

ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਦੇਣ ਤੋਂ 2 ਮਿੰਟ ਪਹਿਲਾਂ, ਮੁਖਤਾਰਿ ਆਮ ਘੁੰਮਣ ਅਤੇ ਨੰਬਰਦਾਰ ਗੁਰਦੇਵ ਸਿੰਘ ਡਾਕਟਰ ਮੂਸਾ ਨੂੰ ਕਹਿ ਰਹੇ ਸਨ : ਦੇ ਦਿਓ ਹੁਣ ਸਤਿਗੁਰਾਂ ਨੂੰ ਛੁੱਟੀ। ਏਨੀ ਚੈੱਕ ਅੱਪ, ਪਰਹੇਜ਼ ਅਤੇ ਦਵਾਈਆਂ ਖਾਂਸੀ ਨੂੰ ਤਾਂ ਕੋਈ ਫਰਕ ਨਹੀਂ ਪਾ ਸਕੇ, ਸਾਧ ਸੰਗਤ ਆਪਣੇ ਸਤਿਗੁਰਾਂ ਦੇ ਦਰਸ਼ਨ ਤਾਂ ਕਰ ਲਿਆ ਕਰੇ। ਡਾ. ਬੋਲਿਆ : ਕੀ ਤੁਸੀਂ ਸਮਝਦੇ ਹੋ ਮੇਰੇ ਜ਼ਿਮੇ ਜੁ ਕੰਮ ਹੈ ਉਹ ਨਾ ਕਰਾਂ? ਸਤਿਗੁਰੂ ਜੀ ਦੀ ਸਰੀਰਕ ਹਿਫ਼ਾਜ਼ਤ ਮੇਰੇ ਜ਼ਿਮੇ ਹੈ। ਮੈਂ ਆਪਣੀ ਤਸੱਲੀ ਕਰਕੇ ਹੀ ਛੁੱਟੀ ਦੇ ਸਕਦਾ ਹਾਂ।

ਮੈਨੂੰ ਸੰਤ ਤਰਸੇਮ ਸਿੰਘ ਨਿਜੀ ਸਕੱਤਰ ਨੇ ਆਖਿਆ : ਰੋਜ਼ ਵੱਖ ਵੱਖ ਥਾਈਂ ਚੈੱਕ ਅੱਪ ਹੋ ਰਹੀ ਹੈ। ਇਹ ਤਾਂ ਸਗੋਂ ਕਮਜ਼ੋਰ ਕਰ ਦੇਵੇਗੀ ਪਰ ਸਤਿਗੁਰਾਂ ਆਪਣੇ ਆਪ ਨੂੰ ਡਾ. ਮੂਸਾ ਦੇ ਹਵਾਲੇ ਕੀਤਾ ਹੋਇਆ ਹੈ।

ਸੇਵਕ, ਸਕੱਤਰ ਅਤੇ ਜੀਵਨ ਨਗਰ ਇਲਾਕੇ ਦੀ ਐਗਜ਼ੈਕਟਿਵ ਸਮਝਦੀ ਹੈ ਕਿ ਸਤਿਗੁਰੂ ਜੀ ਨੂੰ ਬਿਨਾਂ ਖਾਂਸੀ ਦੇ ਹੋਰ ਕੁਝ ਵੀ ਨਹੀਂ ਅਤੇ ਡਾ. ਮੂਸਾ ਨੇ ਹਫ਼ਤੇ ਭਰ ਲਈ ਸਤਿਗੁਰਾਂ ਨੂੰ ਹੋਰ ਦਿੱਲੀ ਰੱਖਣ ਦਾ ਮਨ ਬਣਾਇਆ ਹੋਇਆ ਹੈ।

**ਨਵੀਂ ਆਮਦ –** ਅੱਜ ਮਹਾਰਾਜ ਬੀਰ ਸਿੰਘ ਜੀ ਦੀ ਕੁੜਮਣੀ ਬੀਬੀ ਹਰਜੀਤ ਕੌਰ, ਉਸਦੀ ਧੀ ਤੇ ਬੀਬੀ ਨਰਿੰਦਰ ਦੀ ਨੂੰਹ ਤੇ ਦੋਵੇਂ ਬੱਚੇ ਅਤੇ ਸ਼ਾਇਦ ਕੁਛ ਹੋਰ ਵੀ, ਅਫਰੀਕਾ ਨੂੰ ਜਾ ਰਹੇ ਹਨ। ਸ. ਸਰਮੁਖ ਸਿੰਘ, ਇਸਦੀ ਪਤਨੀ ਪਰਮਜੀਤ ਅਤੇ ਤਿੰਨ ਬੱਚੇ, ਸ. ਗੁਰਮੀਤ ਸਿੰਘ ਜੱਬਲਪੁਰੀ ਤੇ ਇਸਦੀ ਪਤਨੀ ਅੰਮ੍ਰਿਤ ਦਰਸ਼ਨਾਂ ਨੂੰ ਆਏ ਹੋਏ ਹਨ। ਮੈਂ ਤਾਂ ਇਹਨਾਂ ਨੂੰ ਦਰਸ਼ਨ ਉਡੀਕ ਵਿੱਚ ਛੱਡ ਘਰ ਨੂੰ ਆ ਗਿਆ।

### 14 ਜਨਵਰੀ 1987, ਬੁੱਧਵਾਰ
### ਨਵੀਂ ਦਿੱਲੀ

**ਤੀਰਥਾਂ ਦਾ ਤੀਰਥ –** ਅੱਜ ਮਾਘ ਦੀ ਸੰਗਰਾਂਦ ਹੈ। ਭਾਰਤ ਵਿੱਚ ਇਸ ਦਿਨ ਪਵਿੱਤਰ ਤੀਰਥਾਂ ਤੇ ਇਸ਼ਨਾਨ ਕਰਨ ਵਾਲੇ ਸ਼ਰਧਾਲੂਆਂ ਦੀਆਂ ਅਪਾਰ ਭੀੜਾਂ ਲੱਗ ਜਾਂਦੀਆਂ ਹਨ। ਸਾਰੇ ਤੀਰਥਾਂ ਦੇ ਤੀਰਥ ਸ੍ਰੀ ਸਤਿਗੁਰੂ ਜੀ ਜੰਗਮ ਤੀਰਥ ਹਨ ਤੇ ਉਹ ਅੱਜ ਦਿੱਲੀ ਵਿੱਚ ਹਨ।

ਨਾਮਧਾਰੀ ਧਰਮਸਾਲਾ ਰਮੇਸ਼ ਨਗਰ ਵਿਖੇ ਸ਼੍ਰੀਮਾਨ ਜਥੇਦਾਰ ਸੇਵਾ ਸਿੰਘ ਜੀ ਦਾ ਜਥਾ, ਜਿਸ ਵਿੱਚ ਪ੍ਰਮੁੱਖਤਾ ਕਾਲੀ ਦਾੜ੍ਹੀ ਵਾਲੇ ਜਵਾਨਾਂ ਦੀ ਹੈ, ਵਾਰੇ ਦੇ ਢੰਗ ਨਾਲ ਕੀਰਤਨ ਕਰ ਰਿਹਾ ਹੈ। ਆਸਾ ਦੀ ਵਾਰ ਦੇ ਇਸ ਦੀਵਾਨ ਨੂੰ ਸ੍ਰੀ ਸਤਿਗੁਰੂ ਜੀ ਨੇ ਭਾਗ ਲਾਏ ਹਨ। ਸਾਡੇ ਲਈ ਇਹਦੇ ਅਰਥ ਗੁਰਬਾਣੀ ਅਨੁਸਾਰ ਹਨ :

ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ॥

ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ॥..

ਦੂਰ ਦੂਰ ਦੀਆਂ ਕਾਲੋਨੀਆਂ ਤੋਂ, ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ, ਨਾਮ ਜਪਣ ਅਤੇ ਹਰਿ ਕੀਰਤਨ ਸੁਣਨ ਵੱਡੀ ਗਿਣਤੀ ਵਿੱਚ ਸੰਗਤ ਆ ਰਹੀ ਹੈ। ਰਸਨਾਵਾਂ ਭਜਨ ਕਰਦੀਆਂ, ਕੰਨ ਮਧੁਰ ਕੀਰਤਨ ਸੁਣਦੇ ਅਤੇ ਅੱਖਾਂ ਸ੍ਰੀ ਸਤਿਗੁਰੂ ਜੀ ਤੇ ਸਾਧ ਸੰਗਤ ਦੇ ਦਰਸ਼ਨ ਕਰਦੀਆਂ ਪੁਨੀਤ ਹੋ ਰਹੀਆਂ ਹਨ। ਏਸੇ ਲਈ "ਸਾਧ ਸੰਗਤ ਬੈਕੁੰਠੈ ਆਹਿ" ਵਾਲੀ ਗੱਲ ਕਹੀ ਗਈ ਹੈ।

7 ਵਜੇ ਸ਼ਬਦੀਆਂ ਵਲੋਂ 'ਇਸੁ ਮਨ ਕਉ ਬਸੰਤ ਕੀ ਲਾਗੈ ਨ ਸੋਇ' ਸ਼ਬਦ ਬਸੰਤ ਰਾਗ ਵਿੱਚ ਗੰਵਿਆ ਗਿਆ ਹੈ। ਨਾਮਧਾਰੀ ਸੰਗਤ ਸਾਰਾ ਮਾਘ ਅਤੇ ਸਾਰਾ ਫੱਗਣ ਆਸਾ ਦੀ ਵਾਰ ਪਿੱਛੋਂ ਇੱਕ ਸ਼ਬਦ ਬਸੰਤ ਦਾ ਅਤੇ ਬਸੰਤ ਦੀ ਵਾਰ ਦਾ ਗਾਇਨ ਜ਼ਰੂਰ ਕਰਦੀ ਹੈ।

**ਲਾਇਲਪੁਰੀ ਦੀ ਯਾਦ –** ਸਧਾਰਨ ਪਾਠਾਂ ਦੇ ਭੋਗ ਪੈਣੇ ਸ਼ੁਰੂ ਹੋ ਗਏ ਹਨ ਅਤੇ ਅੱਜ ਸਾਧ ਸੰਗਤ ਦਾ ਲੰਗਰ, ਮੇਰੇ ਮਿੱਤਰ ਸੰਤ ਮੰਗਲ ਸਿੰਘ ਲਾਇਲਪੁਰੀ ਦੀ ਯਾਦ ਵਿੱਚ ਲਾਇਲਪੁਰੀ ਪਰਵਾਰ ਵਲੋਂ ਹੈ।

ਪ੍ਰਤੀਤ ਹੁੰਦਾ ਹੈ, ਰਾਗੀਆਂ ਦਾ ਕੀਰਤਨ ਅੱਜ ਕਲ੍ਹ ਇਸ ਲਈ ਨਹੀਂ ਹੋ ਰਿਹਾ ਕਿ ਫਿਰ ਸ੍ਰੀ ਸਤਿਗੁਰੂ ਜੀ ਦੀ ਖ਼ੁਦ ਗਾਉਣ ਦੀ ਇੱਛਾ ਪ੍ਰਬਲ ਹੋ ਜਾਂਦੀ ਹੈ। ਇਸ ਨਾਲ ਨਾਮੁਰਾਦ ਖਾਂਸੀ ਦਾ ਜ਼ੋਰ ਵੱਧ ਜਾਂਦਾ ਹੈ। ਅੱਜ ਸਾਰੇ ਕੀਰਤਨ ਸਮੇਂ ਖਾਂਸੀ ਨਹੀਂ ਆਈ।

**ਸੰਗੀਤ ਤੋਂ ਖਾਂਸੀ ਕਿਉਂ? –** ਦੀਵਾਨ ਦਾ ਭੋਗ ਪਿਆ ਤਾਂ ਸ੍ਰੀ ਸਤਿਗੁਰੂ ਜੀ ਨੂੰ ਉਹਨਾਂ ਦੀ ਖਾਂਸੀ ਵਿੱਚ ਕਮੀ ਅਤੇ ਕੀਰਤਨ ਦੀ ਤਬਦੀਲੀ ਦਾ ਕਾਰਨ ਸਮਝਣ ਲਈ ਪੁੱਛਿਆ। ਸਤਿਗੁਰੂ ਜੀ ਬਚਨ ਕੀਤਾ : ਪਿਛਲੇ ਦਿਨੀਂ ਬਲਗ਼ਮ ਦਾ ਬਹੁਤ ਜ਼ੋਰ ਰਿਹਾ। ਡਾ. ਮੂਸਾ ਦਾ ਵਿਚਾਰ ਸੀ ਕਿ ਛਾਤੀ ਤੇ ਰੁਕੀ ਬਲਗ਼ਮ ਸੁਕਾਣੀ ਨਹੀਂ ਸਗੋਂ ਸਹਿਜੇ ਸਹਿਜੇ ਅੰਦਰੋਂ ਕੱਢ ਦੇਣੀ ਹੈ। ਗੱਲ ਐਸੀ ਦਵਾਈ ਦੇ ਦਿੱਤੀ ਗਈ, ਜਿਸ ਨਾਲ ਖੰਘ ਤੋਂ ਆਰਾਮ ਆਉਣਾ ਸ਼ੁਰੂ ਹੋ ਗਿਆ। ਅੱਜ ਕਾਫ਼ੀ ਫ਼ਰਕ ਹੈ। "ਜਿੱਥੋਂ ਤੱਕ ਗਾਉਂਦਿਆਂ ਖੰਘ ਆਉਣ ਦੀ ਗੱਲ ਹੈ", ਸਤਿਗੁਰਾਂ ਦੱਸਿਆ : ਇਹਦਾ ਕੋਈ ਅਰਥ ਨਹੀਂ। ਮੈਂ ਵਾਰੇ ਵਿੱਚ ਵੀ ਗਾਉਂਦਾ ਹਾਂ ਅਤੇ ਵਾਰੇ ਵਿੱਚ ਆਮ ਕੀਰਤਨ ਨਾਲੋਂ ਜ਼ੋਰ ਵੀ ਜ਼ਿਆਦਾ ਲੱਗਦਾ ਹੈ। ਸੰਗੀਤ ਤੋਂ ਚਿੜਨ ਵਾਲੇ ਜਦੋਂ ਮੇਰੇ ਨਾਲ ਰਾਤ ਦੇ 12-12 ਵਜੇ ਬੈਠੇ ਰਹਿੰਦੇ ਹਨ ਤਾਂ ਮੈਂ ਹੀ ਪੁੱਛਦਾ ਹਾਂ, "ਹੁਣ ਤੁਹਾਨੂੰ ਮੇਰੀ ਸਿਹਤ ਦਾ ਫ਼ਿਕਰ ਕਿਉਂ ਨਹੀਂ ਸਤਾ ਰਿਹਾ। ਇਹਨਾਂ ਨੂੰ ਮੇਰੀ ਸਿਹਤ ਬਾਰੇ ਬਾਹਲਾ ਫ਼ਿਕਰ ਸੰਗੀਤ ਸਮੇਂ ਹੀ ਹੁੰਦਾ ਹੈ। ਉਹ ਮੇਰਾ ਫ਼ਿਕਰ ਨਹੀਂ, ਉਹਨਾਂ ਦੀ ਤਕਲੀਫ਼ ਹੁੰਦੀ ਹੈ।

**ਸ. ਗੁਰਦਿਆਲ ਸਿੰਘ ਦੂਆ –** ਮੈਨੂੰ ਦੱਸਿਆ ਗਿਆ ਕਿ ਅੱਜ ਸਤਿਗੁਰੂ ਜੀ ਦੇ ਸਨਮੁਖ ਰਾਗੀਆਂ ਵਾਲੇ ਪਾਸੇ ਸੱਜੇ ਹੱਥ ਰੇਸ਼ਮੀ ਦਸਤਾਰ, ਕਾਲੀ ਲੰਮੀ ਦਾੜ੍ਹੀ ਵਾਲੇ ਜਵਾਨ ਸੱਜਣ ਬੈਠੇ ਸਨ, ਇਹ ਸ. ਗੁਰਦਿਆਲ ਸਿੰਘ ਦੂਆ ਹਨ, ਜੋ ਕਿ ਬਰਨਾਲਾ ਗਰੁੱਪ ਦੇ ਅਕਾਲੀ ਹਨ। ਇਹਨਾਂ ਨੂੰ ਸ. ਸੁਲੱਖਣ ਸਿੰਘ ਮੀਟਰੋ ਪਾਲੀਟਨ ਕਾਉਂਸਲਰ ਨਾਮਧਾਰੀ ਦੀਵਾਨਾਂ ਦਾ ਕੀਰਤਨ ਸੁਣਾਨ ਅਤੇ ਗੁਰੂ ਦਰਸ਼ਨਾਂ ਲਈ ਸਾਥ ਲਿਆਏ ਸਨ। ਦੀਵਾਨ ਸਮਾਪਤੀ ਉਪਰੰਤ ਸਤਿਗੁਰੂ ਜੀ ਨੇ ਸ. ਦੂਆ ਨੂੰ ਆਪਣੇ ਪਿੱਛੇ ਅਤੇ ਕੋਲ ਬੈਠਾਇਆ ਗੱਲ ਬਾਤ ਕੀ ਹੋਈ, ਮਾਲੂਮ ਨਹੀਂ ਹੋ ਸਕੀ।

**15 ਜਨਵਰੀ 1987, ਵੀਰਵਾਰ**

**ਨਵੀਂ ਦਿੱਲੀ**

**ਡਾਕਟਰਾਂ ਦੀ ਪੁਣ ਛਾਣ ਵਿੱਚ –** ਰਮੇਸ਼ ਨਗਰ ਧਰਮਸਾਲਾ ਵਿੱਚ ਆਸਾ ਦੀ ਵਾਰ ਸਮੇਂ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਦੀ ਥਾਂ 11.30 ਵਜੇ ਕੋਠੀ ਪੂਸਾ ਰੋਡ ਪਹੁੰਚ ਕੇ ਦੀਦਾਰ ਕੀਤਾ। ਅੱਜ ਸੱਚੇ ਪਾਤਸ਼ਾਹ ਏਸ ਵੇਲੇ ਤੱਕ ਡਾਕਟਰਾਂ ਦੀ ਪੁੱਛਗਿੱਛ ਵਿੱਚੋਂ ਹੋ ਆਏ ਸਨ। ਸੁਖਚੈਨ ਸਿੰਘ ਭੰਗੂਰ, ਅੰਗ ਰੱਖਿਆਕ ਨੇ ਦੱਸਿਆ ਕਿ ਦਿੱਲੀ ਦੇ ਪ੍ਰਮੁੱਖ ਡਾਕਟਰਾਂ ਡਾ. ਵਲੀ ਅਤੇ ਡਾ. ਕਪੂਰ ਨੇ ਸਤਿਗੁਰੂ ਜੀ ਦੇ ਸਰੀਰ ਪ੍ਰਬੰਧ ਦੀ ਨਾੜ ਨਾੜ ਦੀ ਪ੍ਰੀਖਿਆ ਕੀਤੀ।

**ਅਵਤਾਰ ਅੰਮ੍ਰਿਤਸਰੀ –** ਨਾਲ ਹੀ ਸੁਖਚੈਨ ਸਿੰਘ ਨੇ ਦੱਸਿਆ ਕਿ ਮੈਡੀਕਲ ਇਨਸਟੀਚਿਊਟ ਵਿੱਚ ਪਏ ਸ. ਅਵਤਾਰ ਸਿੰਘ ਅੰਮ੍ਰਿਤਸਰੀ ਨੂੰ ਵੀ ਸ੍ਰੀ ਸਤਿਗੁਰੂ ਜੀ ਦਰਸ਼ਨ ਦੇ ਕੇ ਕਿਰਤਾਰਥ ਕਰ ਆਏ। ਸਤਿਗੁਰਾਂ ਦੇ ਪ੍ਰਿਯ ਤਬਲਾ ਵਾਦਕ ਨੂੰ ਫੇਫੜਿਆਂ ਦੀ ਸੋਜ਼ਸ਼ ਨੇ ਅਜੇ ਵੀ ਪਰੇਸ਼ਾਨ ਕੀਤਾ ਹੋਇਆ ਹੈ, ਭਾਵੇਂ 10-15 ਹਜ਼ਾਰ ਰੁਪੈਆ ਲਾ ਕੇ ਫਿਲਿਪੀਨ ਮਾਈ ਤੋਂ ਵੀ ਚਮਤਕਾਰ ਲੈ ਆਇਆ ਸੀ। ਮਾਈ ਦੀ ਕਰਾਮਾਤ ਦਾ ਪ੍ਰਭਾਵ ਇਹਦੀ ਭੈਣ ਬੀਬੀ ਨਰਿੰਦਰ ਤੇ ਵੀ ਨਹੀਂ ਰਿਹਾ।

**ਚਲਦਾ....**

# Just how safe are cosmetics on the European market?

R & T Associate,
Luxembourg Institute of Science and Technology (LIST)



When was the last time you read the ingredient label on a bottle of shampoo? Have you ever sneezed when applying face powder? As you lay on the beach this summer, did you wonder what it was in your sunscreen that blocked the sun's UV light and protected your skin?

ਪ੍ਰਸਾਰ ਕਰਨਪਾਲ ਸਿੰਘ ਦੀ ਸਾਰੀ ਟੀਮ ਨੇ ਸ਼ੋਸ਼ਲ ਮੀਡੀਆ ਰਾਹੀਂ ਤਾਂ ਕਰਨਾ ਸ਼ੁਰੂ ਕਰ ਦਿੱਤਾ ਨਾਲ ਹੀ ਕਾਰਡ, ਬੋਰਡ, ਬੈਨਰ ਵੀ ਡਿਜਾਇਨ ਕੀਤੇ ਗਏ। ਹਰ ਸੰਗੀਤ ਅਕਾਦਮੀ ਵਿੱਚ ਸੰਸਥਾ ਵਿੱਚ ਸੰਗੀਤਕ ਹਸਤੀਆਂ ਨੂੰ ਸੱਦੇ ਦਿੱਤੇ ਗਏ। ਕਲਾਕਾਰਾਂ ਨੂੰ ਸਨਮਾਨਿਤ ਕਰਨ ਲਈ ਸਿਰੋਪਾਓ ਆਦਿਕ ਤਿਆਰ ਕਰਵਾਏ। ਸ੍ਰੀ ਭੈਣੀ ਸਾਹਿਬ ਅਤੇ ਪ੍ਰਤਾਪ ਮੰਦਰ ਨੂੰ ਲਾਈਟ ਅਤੇ ਫੁਲਾਂ ਨਾਲ ਸਜਾਇਆ ਗਿਆ। ਕਲਾਕਾਰਾਂ ਦੇ ਰਹਿਣ ਖਾਣ ਪੀਣ ਆਉਣ ਜਾਣ ਦੀ ਸਾਰੀ ਵਿਵਸਥਾ ਉਲੀਕੀ ਗਈ। ਹਰ ਕਲਾਕਾਰ ਦੀ ਸੇਵਾ ਵਿੱਚ ਕੌਣ ਕੌਣ ਰਹੇਗਾ ਸਭ ਦੀਆਂ ਜ਼ਿੰਮੇਵਾਰੀਆਂ ਤੈਅ ਕੀਤੀਆਂ ਗਈਆਂ। ਸਤਿਗੁਰੂ ਉਦੇ ਸਿੰਘ ਜੀ ਦਾ ਸਤਿਗੁਰੂ ਜਗਜੀਤ ਸਿੰਘ ਜੀ ਸੰਗੀਤ ਸੰਮੇਲਨ ਪ੍ਰਤੀ ਪ੍ਰੇਮ ਆਪ ਜੀ ਦੁਆਰਾ ਖਰਚ ਅਤੇ ਖੇਚਲ ਦੀ ਬੇਪਰਵਾਹੀ ਨੂੰ ਵੇਖ ਕੇ ਹੀ ਅੰਦਾਜ਼ਾ ਲਗਦਾ ਹੈ। ਕਿਸ ਪੱਖ ਵੱਲ ਸੋਚਕੇ ਹੈਰਾਨ ਹੋਈਏ ਕਿ ਆਪ ਜੀ ਇਤਨਾ ਖਰਚ ਬੇਪਰਵਾਹੀ ਨਾਲ ਕਰਦੇ ਹੋ ਯਾ ਇਹ ਸੋਚ ਕੇ ਹੈਰਾਨ ਹੋਈਏ ਕਿ ਆਪ ਜੀ ਹਰ ਸਾਲ ਆਪਣਾ ਕਿਨ੍ਹਾਂ ਸਮਾਂ ਇਸ ਸਮਾਗਮ ਲਈ ਦਿੰਦੇ ਹੋ। ਜ਼ਿਕਰਯੋਗ ਹੈ ਇਸ ਸਾਲ ਤੋਂ ਆਰੰਭ ਹੋਈ ਸੰਗੀਤ ਪ੍ਰਤੀਯੋਗਿਤਾ ਵੀ ਆਪ ਜੀ ਦੇ ਖਰਚ ਖੇਚਲ ਕਰਕੇ ਨਵੇਂ ਇਤਿਹਾਸ ਸਿਰਜ ਸਕੀ। ਕਹਿਣ ਦਾ ਭਾਵ 25 ਤਰੀਕ ਦੀ ਸ਼ਾਮ ਤੱਕ ਸਭ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਸਨ। ਸੰਗੀਤ ਪ੍ਰੇਮੀ ਅਤੇ ਸਾਧ ਸੰਗਤ ਦਾ ਹੜ ਸਵੇਰ ਤੋਂ ਹੀ ਸ੍ਰੀ ਭੈਣੀ ਸਾਹਿਬ ਵਿੱਚ ਆਉਣਾ ਸ਼ੁਰੂ ਹੋ ਗਿਆ ਸੀ। ਸਰੋਵਰ ਦੇ ਸਾਹਮਣੇ ਹਰੀ ਭਰੀ ਘਾਹ ਤੇ ਗੋਲਾਕਾਰ ਆਕ੍ਰਿਤੀ ਵਿੱਚ ਸਾਜ ਦੇ ਨਾਲ ਸਾਜ ਨਿਵਾਜ਼ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਕਰਸ਼ਕ ਤਸਵੀਰ ਅਤੇ ਨਾਲ ਲਿਖੇ ਦਸਵਾਂ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ ਦੇ ਹਰਫਾ ਤੇ ਪੈਂਦੀ ਰੌਸ਼ਨੀ ਪ੍ਰਤਾਪ ਮੰਦਰ ਵਲ ਤੁਰੀ ਜਾਂਦੀ ਸੰਗਤ ਲਈ 5-7 ਮਿੰਟ ਇਥੇ ਅਟਕਨ ਦਾ ਕਾਰਨ ਬਣਦੀ। ਕੋਈ ਸਾਹਮਣੇ ਖਲੋ ਕੇ ਤਸਵੀਰ ਖਿਚਾਉਂਦਾ ਕੋਈ ਆਪ ਹੀ ਸੈਲਫੀ ਲੈਂਦਾ ਅਤੇ ਹੋਲੀ-ਹੋਲੀ ਕਰਕੇ 5 ਵਜੇ ਤੱਕ ਸਾਰੀ ਸੰਗਤ ਪ੍ਰਤਾਪ ਮੰਦਰ ਪਹੁੰਚ ਕੇ ਸਫੈਦ ਵਿਛਾਈ ਤੇ ਬੈਠ ਲਾਈਨਾ ਅਤੇ ਫੁੱਲਾ ਨਾਲ ਸਜੇ ਮੰਚ ਦੀ ਬੈਕ ਡਰਾਪ ਨੂੰ ਵੇਖ ਪ੍ਰਭਾਵਤ ਹੁੰਦੀ। ਅੱਜ ਕੱਲ ਹੋਣ ਵਾਲੇ ਸੰਗੀਤ ਸਮਾਗਮਾਂ ਵਿੱਚ ਸਾਂਉਂਡ ਇੰਨਜੀਅਰ ਦਾ ਕਮਾਲ ਵੀ ਕਿਸੇ ਕਲਾਕਾਰ ਨਾਲੋਂ ਘੱਟ ਨਹੀਂ। ਮਾਈਕਾਂ ਰਾਹੀਂ ਦੂਰ ਸਰੋਤਿਆਂ ਦੇ ਕੰਨਾਂ ਤੱਕ ਕਲਾਕਾਰਾਂ ਦੁਆਰਾ ਉਤਪਨ ਕੀਤੀਆਂ ਤਰੰਗਾ ਨੂੰ ਪੂਰੇ ਰਿਦਮ, ਟੋਨ ਅਤੇ ਬੇਸ ਦੇ ਨਾਲ ਪਹੁੰਚਣਾ ਸਾਉਂਡ ਇੰਨਜੀਅਰ ਦੀ ਖਾਸ ਜ਼ਿੰਮੇਵਾਰੀ ਅਤੇ ਮਸ਼ੱਕਤ ਹੁੰਦੀ ਹੈ। ਅੱਜ ਤੋਂ ਸ਼ੁਰੂ ਹੋਣ ਵਾਲੇ ਇਸ ਸੰਗੀਤ ਸੰਮੇਲਣ ਲਈ ਸਾਉਂਡ ਇੰਨਜੀਨੀਅਰ ਨੂੰ ਖਾਸ ਤੌਰ ਤੇ ਚੈਨਈ ਤੋਂ ਸੱਦਿਆ ਗਿਆ ਸੀ ਅਤੇ ਉਸਨੇ ਵੀ 5 ਵੱਜਣ ਤੋਂ ਪਹਿਲਾਂ ਸਾਉਂਡ ਦੇ ਸਾਰੇ ਪ੍ਰਬੰਧ ਵਧੀਆ ਸਮੇਂ ਸਿਰ ਕਰ ਰਖੇ ਸਨ। ਹੁਣ ਤੱਕ ਮੰਚ ਵੀ ਤਿਆਰ ਹੋ ਚੁੱਕਾ ਸੀ। ਸਰੋਤੇ ਵੀ ਆਪਣੇ-ਆਪਣੇ ਆਸਣਾ ਤੇ ਸੱਜ ਚੁੱਕੇ ਸਨ। ਇਕ ਮਧੁਰ ਜਿਹਾ ਵਾਤਾਵਰਨ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸੰਗੀਤ ਮਈ ਅਵਾਜ਼ ਵਿੱਚ ਮਨਾਏ ਜਾਣ ਲਈ ਸਿਰਜਿਆ ਜਾ ਚੁਕਾ ਸੀ। ਸ੍ਰੀ ਹਜ਼ੂਰ ਸਤਿਗੁਰੂ ਉਦੇ ਸਿੰਘ ਜੀ ਨਿਜ ਸੇਵਕਾਂ ਸਹਿਤ ਪ੍ਰਤਾਪ ਮੰਦਰ ਵਿੱਚ ਦਰਸ਼ਨ ਦੇ ਰਹੇ ਸਨ। ਮੰਚ ਤੋਂ ਪਹਿਲੀ ਅਵਾਜ਼ ਹਰਪਾਲ ਸਿੰਘ ਸੇਵਕ ਦੀ ਸੁਣਦੀ ਹੈ ਜਿਹੜੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਉਪਮਾ ਕਰਦੇ ਹਨ ਅਤੇ ਸੰਗਤ ਨੂੰ "ਜੀ ਆਇਆ" ਆਖਦੇ ਹਨ ਅਤੇ ਸੰਗੀਤ ਸੰਮੇਲਨ ਦੇ ਮੰਚ ਸੰਚਾਲਕ ਨੂੰ ਮੰਚ ਤੇ ਸੱਦਾ ਦਿੰਦੇ ਹਨ। ਜ਼ਿਕਰਯੋਗ ਹੈ ਕਿ ਸੰਗਤ ਰਾਮ ਜੀ ਹਰਵਲਬ ਸੰਗੀਤ ਸਮਾਗਮਾ ਆਦਿ ਵਿੱਚ ਵੀ ਮੰਚ ਸੰਚਾਲਣ ਕਰਦੇ ਹਨ ਅਤੇ ਇਸ ਖਿਤੇ ਵਿੱਚ ਉਨ੍ਹਾਂ ਬੜਾ ਨਾਮਨਾ ਖਟਿਆ ਹੈ। ਸੰਗਤ ਰਾਮ ਜੀ ਨੇ ਮਿੱਠੀ ਅਵਾਜ਼ ਵਿੱਚ ਠੇਠ ਪੰਜਾਬੀ ਵਿੱਚ ਸਾਰੀ ਸੰਗਤ ਦਾ ਅੱਜ ਦੇ ਸਮਾਗਮ ਵਿੱਚ ਸੁਆਗਤ ਕਰਦਿਆ ਅਤੇ ਅੱਜ ਦੀ ਪਹਿਲੀ ਪੇਸ਼ਕਾਰਾ ਸਿਤਾਰ ਵਾਦਕ ਬੇਟੀ ਰਤਨਾ ਮਾਲਵੀਆ ਦਾ ਅਤੇ ਉਨ੍ਹਾਂ ਦੇ ਨਾਲ ਤਬਲੇ ਤੇ ਸਾਥ ਦੇਣ ਕਾਕਾ ਹਰਨਾਮ ਸਿੰਘ ਦਾ ਤਵਾਰੁਖ ਕਰਵਾ ਮੰਚ ਤੇ ਸੱਦਾ ਦਿੱਤਾ, ਬੇਟੀ ਰਤਨਾ ਮਾਲਵੀਆ ਪੰਡਤ ਰਾਜੇਸ਼ ਮਾਲਵੀਆ ਜੀ ਦੀ ਬੇਟੀ ਹੈ ਅੱਜ ਸੰਗੀਤ ਵਿੱਚ ਸਨਾਤਨ ਦੀ ਪੜ੍ਹਾਈ ਕਰ ਰਹੀ ਹੈ ਅਤੇ ਇਸਨੇ ਸਿਤਾਰ ਦੀ ਤਾਲੀਮ ਡਾ, ਵਰਿੰਦਰ ਕੁਮਾਰ ਪਾਸੋਂ ਆਰੰਭ ਕੀਤੀ ਸੀ, ਉਨ੍ਹਾਂ ਨੇ ਦੇਹਾਂਤ ਬਾਅਦ ਸ੍ਰੀ ਪੰਡਤ ਹਰਵਿੰਦਰ ਸ਼ਰਮਾ ਜੀ ਪਾਸੋਂ ਸਿਖ ਰਹੀ ਹੈ। ਸਿਤਾਰ ਦੇ ਨਾਲ ਨਾਲ ਬੇਟੀ ਰਤਨਾ ਸ੍ਰੀ ਭੈਣੀ ਸਾਹਿਬ ਦੇ ਕਲਾ ਕੇਂਦਰ ਤੋਂ ਹੀ ਗਾਇਕੀ ਵੀ ਸਿਖਦੀ ਹੈ। ਹਰਨਾਮ ਸਿੰਘ ਤਬਲਾਵਾਦਕ ਪੰਡਤ ਰਾਜੇਸ਼ ਮਾਲਵੀਆ ਜੀ ਪਾਸੋਂ ਅਤੇ ਆਪਣੇ ਪਿਤਾ ਸ੍ਰੀ ਹਰਪ੍ਰੀਤ ਸਿੰਘ (ਹਜ਼ੂਰੀ ਰਾਗੀ ਸ੍ਰੀ ਭੈਣੀ ਸਾਹਿਬ) ਪਾਸੋਂ ਸਿਖ ਰਿਹਾ ਹੈ। ਜਿਕਰਯੋਗ ਹੈ ਬੇਟੀ ਰਤਨਾ ਅਤੇ ਹਰਨਾਮ ਸਿੰਘ ਨੇ ਬਹੁਤ ਛੋਟੀ ਉਮਰ ਵਿੱਚ ਹੀ ਸਤਿਗੁਰੂ ਜਗਜੀਤ ਸਿੰਘ ਜੀ ਸਾਹਮਣੇ ਵੀ ਸਿਤਾਰ ਅਤੇ ਤਬਲੇ ਦੀ ਪੇਸ਼ਕਾਰੀ ਕਰ ਕੇ ਅਸ਼ੀਰਵਾਦ ਲਿਆ ਸੀ। ਬੇਟੀ ਰਤਨਾ ਨੇ ਦਸਵੇਂ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ

ਦੀ ਪਹਿਲੀ ਪੇਸ਼ਕਾਰੀ ਕਰਦਿਆਂ ਰਾਗ ਬਿਹਾਰਾ ਤੋਂ ਸ਼ੁਰੂਆਤ ਕੀਤੀ ਉਸ ਵਿੱਚ ਅਲਾਪ ਅਤੇ ਜੋੜ ਵਜਾਇਆ, ਇਸ ਤੋਂ ਬਾਅਦ ਵਿਲੰਬਿਤ ਜੋ ਤਿਨ ਤਾਲ ਵਿੱਚ ਬੱਝੀ ਹੋਈ ਸੀ। ਅਖੀਰ ਵਿੱਚ ਤਿੰਨ ਤਾਲ ਵਿੱਚ ਇਕ ਬੰਦਿਸ਼ ਵਜਾ ਕੇ ਝਾਲੇ ਨਾਲ ਸਮਾਪਤੀ ਕੀਤੀ। ਹਰਨਾਮ ਸਿੰਘ ਨੇ ਵੀ ਤਬਲੇ ਦੇ ਨਾਲ ਸੰਗਤ ਕਰਦਿਆਂ ਗੁਰੂ ਪਿਤਾ ਦਾ ਸਿਰ ਗੌਰਵਮਈ ਕੀਤਾ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਬੀਬੀ ਰਤਨਾ ਮਾਲਵੀਆ ਅਤੇ ਹਰਨਾਮ ਸਿੰਘ ਨੂੰ ਸਿਰੋਪਾਓ ਬਖ਼ਸ਼ਿਸ਼ ਕੀਤਾ।

ਅਗਲੀ ਪੇਸ਼ਕਾਰੀ ਸੂਬਾ ਅਰਵਿੰਦ ਸਿੰਘ ਜੀ ਦੀ ਭੈਣ ਇੰਗਲੈਂਡ ਵਾਸੀ ਬੀਬੀ ਨਰਿੰਦਰ ਕੌਰ ਦੇ ਬੇਟੇ ਅਵਤਾਰ ਸਿੰਘ ਦੀ ਰਹੀ। ਜੋ ਉਸਤਾਦ ਸੁਰਜੀਤ ਸਿੰਘ (ਸਾਰੰਗੀ ਵਾਦਕ) ਦਾ ਸ਼ਾਗਿਰਦ ਹੈ। ਇਸ ਨੇ ਤਾਊਸ਼ ਵਾਦਨ ਕਰ ਸਤਿਗੁਰੂ ਉਦੇ ਸਿੰਘ ਜੀ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ। ਜਿਕਰਯੋਗ ਹੈ ਇਹ ਨੌਜਵਾਨ ਪਹਿਲੀ ਵਾਰ ਇਸ ਸੰਗੀਤ ਸੰਮੇਲਨ ਵਿੱਚ ਅਪਣੀ ਪੇਸ਼ਕਾਰੀ ਦੇ ਰਿਹਾ ਸੀ। ਹਾਲਾਂਕਿ ਮਿਥੇ ਪ੍ਰੋਗਰਾਮ ਵਿੱਚ ਅਤੇ ਪੋਸਟਰਾਂ ਵਿੱਚ ਇਸਦਾ ਨਾਮ ਨਹੀਂ ਸੀ ਕਿਉਂਕਿ ਇਤਫਾਕਨ ਅਵਤਾਰ ਸਿੰਘ ਭਾਰਤ ਆਇਆ ਹੋਇਆ ਹੈ ਤਾਂ ਪਾਤਸ਼ਾਹ ਜੀ ਨੇ ਵਿਸ਼ੇਸ਼ ਬਖਸ਼ਿਸ਼ ਕਰਦਿਆਂ ਅਵਤਾਰ ਸਿੰਘ ਨੂੰ ਤਾਊਸ਼ ਵਾਦਨ ਦਾ ਸਮਾਂ ਦਿੱਤਾ। ਜਿਸ ਦੇ ਨਾਲ ਤਬਲੇ ਤੇ ਸੰਗਤ ਕੀਤੀ ਕਾਕਾ ਬਸੰਤ ਸਿੰਘ ਨੇ। ਬਸੰਤ ਸਿੰਘ ਜੋ ਕਿ ਪਿਛਲੇ 10 ਸਾਲਾਂ ਤੋਂ ਤਬਲਾ ਸਿਖ ਰਿਹਾ ਹੈ, ਇਸਨੇ ਪਹਿਲਾ ਸ੍ਰੀ ਰਾਜੀਵ ਜੀ ਪਾਸੋਂ ਫਿਰ ਉਸਤਾਦ ਸ਼ਮੀਮ ਅਹਿਮਦ ਖਾਂ ਪਾਸੋਂ ਸਿਖਿਆ ਸੀ, ਸਤਿਗੁਰੂ ਜੀ ਨੇ ਵਿਸ਼ੇਸ਼ ਬਖਸ਼ਿਸ਼ ਕਰਦੇ ਹੋਏ ਕਰੀਬ ਸਾਲ ਡੇਢ ਸਾਲ ਪਹਿਲਾਂ ਇਸਦੀ ਉਸਤਾਦੀ ਸ਼ਗਿਰਦੀ ਕਲਕੱਤਾ ਦੇ ਤਬਲਾ ਵਾਦਕ ਵਿਦਵਾਨ ਸ੍ਰੀ ਅਨਿੰਦੋ ਚੈਟਰਜੀ ਨਾਲ ਕਰਵਾਈ, ਵੈਸੇ ਸ੍ਰੀ ਭੈਣੀ ਸਾਹਿਬ ਦੇ ਪੰ. ਰਾਜੇਸ਼ ਮਾਲਵੀਆ ਜੀ ਅਤੇ ਹਰਪ੍ਰੀਤ ਸਿੰਘ ਜੀ ਦੀ ਵੀ ਬਸੰਤ ਸਿੰਘ ਨੂੰ ਤਰਾਸ਼ਨ ਵਿੱਚ ਵੱਡੀ ਘਾਲਣਾ ਹੈ। ਸਤਿਗੁਰੂ ਜੀ ਨੇ ਦੋਵਾਂ ਨੂੰ ਸਿਰੋਪਾਓ ਬਖ਼ਸ਼ਿਸ਼ ਕੀਤਾ। ਇਸ ਤੋਂ ਬਾਅਦ ਸੇਵਕ ਹਰਪਾਲ ਸਿੰਘ ਜੀ ਨੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਜੋਤ ਪ੍ਰਜਲੱਤ ਕਰਨ ਦੀ ਬੇਨਤੀ ਕੀਤੀ। ਜਿਸ ਲਈ ਸਤਿਗੁਰੂ ਜੀ ਦੇ ਨਾਲ ਮਹਿਤਾਬ ਅਲੀ ਘੋਸ, ਰਣਜੀਤ ਸਿੰਘ ਅਤੇ ਕੁਲਵਿੰਦਰ ਸਿੰਘ ਇੰਗਲੈਂਡ ਤੋਂ ਜ਼ਿਕਰ ਯੋਗ ਕਿ ਪਿਛਲੇ 10 ਸਾਲਾਂ ਤੋਂ ਚਲ ਰਹੇ ਇਨ੍ਹਾਂ ਸੰਗੀਤ ਸੰਮੇਲਨਾਂ ਦੀ ਖਰਚ ਸੇਵਾ ਇਨ੍ਹਾਂ ਦੋਵਾਂ ਵਲੋਂ ਹੀ ਹੁੰਦੀ ਆ ਰਹੀ ਹੈ। ਇਨ੍ਹਾਂ ਦੇ ਨਾਲ ਸ਼ੇਰ ਸਿੰਘ ਚਾਵਲਾ, ਕਵਲਜੀਤ ਸਿੰਘ ਕੈਨੇਡਾ ਵਾਲੇ ਅਤੇ ਬਲਵੰਤ ਸਿੰਘ ਜੀ ਨੇ ਵੀ ਜੋਤ ਜਗਾਉਣ ਵਿੱਚ ਹਿੱਸਾ ਪਾਇਆ।

ਦਸਵਾਂ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ ਦੇ ਪਹਿਲੇ ਦਿਨ ਦੀ ਅਗਲੀ ਪੇਸ਼ਕਾਰੀ ਭਿੰਡੀ ਬਜਾਰ ਘਰਾਨੇ ਦੇ ਮਸ਼ਹੂਰ ਸਿਤਾਰ ਵਾਦਕ ਮਹਿਤਾਬ ਅਲੀ ਨਿਆਜ਼ੀ ਦੀ ਰਹੀ। ਜਿਸਨੇ ਚਾਰ ਸਾਲ ਦੀ ਉਮਰ ਤੋਂ ਉਸਤਾਦ ਮੌਹਸੀਨ ਅਲੀ ਖਾਂ ਸਾਹਿਬ ਤੋਂ ਸਿਤਾਰ ਸਿਖਣਾ ਸ਼ੁਰੂ ਕਰ ਦਿੱਤਾ ਸੀ ਅਤੇ 6 ਸਾਲ ਦੀ ਉਮਰ ਵਿੱਚ ਹੀ ਪੰਡਤ ਬਿਰਜੂ ਮਹਾਰਾਜ ਜੀ ਦੇ ਜਨਮ ਦਿਨ ਦੇ ਮੌਕੇ ਤੇ ਸਿਤਾਰ ਵਾਦਕ ਕਰ ਆਪਣੇ ਭਵਿਖ ਦਾ ਉਜਲ ਹੋਣ ਦਾ ਪ੍ਰਗਟਾਵਾ ਕਰ ਦਿੱਤਾ ਸੀ। ਤਬਲੇ ਤੇ ਸੰਗਤ ਕੀਤੀ ਨੌਜਵਾਨ ਤਬਲਾ ਵਾਦਕ ਇਸ਼ਾਨ ਘੋਸ਼ ਨੇ। ਜਿਸਨੇ ਆਪਣੇ ਪਿਤਾ ਨਯਨ ਘੋਸ ਅਤੇ ਦਾਦਾ ਪਦਮ ਭੂਸ਼ਨ ਪੰਡਤ ਲਿਖਿਲ ਘੋਸ ਜੀ ਪਾਸੋਂ ਤਬਲੇ ਦੀ ਤਾਲੀਮ ਲਈ। ਇਸ਼ਾਨ ਘੋਸ਼ ਨੇ ਢਾਈ ਸਾਲ ਦੀ ਉਮਰ ਵਿੱਚ ਆਪਣੀ ਪਹਿਲੀ ਪੇਸ਼ਕਾਰੀ ਮੰਚ ਤੇ ਵੱਡੇ ਹਜੂਮ ਦੇ ਸਾਹਮਣੇ ਦਿੱਤੀ ਸੀ ਅਤੇ ਹੁਣ ਤੱਕ ਭਾਰਤ ਦੇ ਤਬਲਾ ਵਾਦਕ ਦੇ ਭਵਿੱਖ ਮੰਨੇ ਜਾਨ ਵਾਲੇ ਤਬਲਾ ਵਾਦਕ ਦੇ ਤੌਰ ਤੇ ਪੰਡਤ ਜਸਰਾਜ ਜੀ, ਉਸਤਾਦ ਅਮਜਦ ਅਲੀ ਖਾਂ ਸਾਹਿਬ, ਉਸਤਾਦ ਜਾਕਿਰ ਹੁਸੈਨ ਸਾਹਿਬ ਵਰਗੇ ਵੱਡੇ-ਵੱਡੇ ਸੰਗੀਤਕਾਰਾਂ ਨਾਲ ਸੰਗਤ ਕਰਨ ਦਾ ਮਾਨ ਹਾਸਲ ਕੀਤਾ ਹੈ। ਪੇਸ਼ਕਾਰੀ ਦੇਣ ਤੋਂ ਪਹਿਲਾਂ ਭਾਰਤ ਦੇ ਇਨ੍ਹਾਂ ਦੋਵਾਂ ਨੌਜਵਾਨ ਕਲਾਕਾਰਾਂ ਦਾ ਫੂਲਾ ਦੇ ਬੁੱਕੇ ਦੇ ਕੇ ਰਣਜੀਤ ਸਿੰਘ ਅਤੇ ਕੁਲਵਿੰਦਰ ਸਿੰਘ ਨੇ ਸਵਾਗਤ ਕੀਤਾ।

ਅਪਣੀ ਪੇਸ਼ਕਾਰੀ ਸ਼ੁਰੂ ਕਰਨ ਤੋਂ ਪਹਿਲਾਂ ਸ੍ਰੀ ਮਹਿਤਾਬ ਅਲੀ ਨੇ ਆਖਿਆ ਕਿ ਸਤਿਗੁਰੂ ਜੀ ਨੇ ਆਜ ਹਮੇ ਇਸ ਸੰਗੀਤ ਸੰਮੇਲਨ ਮੇ ਹਾਜਰੀ ਲਗਾਨੇ ਕੇ ਲੀਏ ਯਾਦ ਕੀਆ ਹੈ ਹਮਾਰੇ ਬੜੇ ਭਾਗ ਹੈਂ। ਮੈਂ ਜਿਨ ਮਹਾਨ ਹਸਤੀਓਂ ਸੇ ਇਨਸਪਾਇਰ ਹੂੰ ਉਨਕਾ ਸੀਧਾ ਸੰਬੰਧ ਸਤਿਗੁਰੂ ਜੀ ਸੇ ਥਾ, ਪੰਡਤ ਰਾਜਨ ਸਾਜਨ ਮਿਸ਼ਰਾ ਜੀ, ਓਰ ਉਸਤਾਦ ਵਿਲਾਇਤ ਖਾਂ। ਮਹਿਤਾਬ ਅਲੀ ਨੇ ਰਾਗ ਰਾਗੇਸ਼ਵਰੀ ਦੇ ਨਾਲ ਆਪਣੀ ਪੇਸ਼ਕਾਰੀ ਆਰੰਭ ਕੀਤੀ। ਸਮਾਂ ਹੀ ਬੰਨ ਦਿੱਤਾ। ਦਿਲਕਸ਼ ਅੰਦਾਜ ਵਿੱਚ ਪੇਸ਼ਕਾਰੀ ਕਰਕੇ ਜਿਥੇ ਸਰੋਤਾ ਗਣ ਤਾੜੀਆਂ ਮਾਰਦੇ, ਸਤਿਗੁਰੂ ਉਦੇ ਸਿੰਘ ਜੀ ਮਸਤਕ ਹਿਲਾ ਦਾਦ ਦਿੰਦੇ। ਸਾਡੇ 9 ਮਾਤਰਾਂ ਦੀ ਇਕ ਬੰਦਿਸ਼ ਭਿੰਡੀ ਬਜਾਰ ਘਰਾਣੇ ਦੀ, ਇਕ ਚੀਜ ਮੇਰੂ ਖੰਡ ਅਤੇ ਉਸਤਾਦ ਵਲਾਇਤ ਖਾਂ ਸਾਹਿਬ ਦੀ ਇਕ ਬੜੀ

ਖਾਸ ਅਤੇ ਮੁਸ਼ਕਿਲ ਚੀਜ ਜਿਸ ਵਿੱਚ ਇਕ ਸੁਰ 5 ਥਾਵਾਂ ਤੋਂ ਮੀਂਡ ਖਿਚ ਕੇ ਵਜਾਏ ਜਾਂਦੇ ਹਨ ਪੇਸ਼ਕਾਰ ਇਕ ਪੰਜਾਬੀ ਲੋਕ ਗੀਤ ਲਗ ਗਏ ਨੈਨ ਅਵੇਰੇ ਨੂੰ ਪੇਸ਼ ਕੀਤਾ। ਪਹਿਲਾਂ ਇਹ ਆਪ ਇਸ ਨੂੰ ਗਾਇਨ ਕਰਦਾ, ਫਿਰ ਸਿਤਾਰ ਤੋਂ ਇਸਦੇ ਬੋਲ ਵਜਾਉਂਦਾ। ਸਿਤਾਰ ਦੇ ਸੁਰੀਲੇ ਅੰਦਾਜ ਦੇ ਨਾਲ ਨਾਲ ਗਾਈਕੀ ਦਾ ਸੁਰੀਲੇ ਅੰਦਾਜ ਵੀ ਮਨਭਾਵਨਾ ਸੀ। ਇਸ ਗੀਤ ਨੂੰ ਸਿਤਾਰ ਵਜਦੇ ਸੁਨਣਾ ਸਰੋਤਿਆਂ ਨੂੰ ਆਨੰਦਿਤ ਕਰਨ ਵਾਲਾ ਸੀ। ਦੋਹਾ ਕਲਾਕਾਰਾਂ ਨੇ ਆਪਣੀ ਪੇਸ਼ਕਾਰੀ ਨਾਲ ਸੰਗਤ ਦਾ ਮਨ ਮੋਹ ਲਿਆ। ਸਤਿਗੁਰੂ ਜੀ ਨੇ ਦੋਵਾਂ ਕਲਾਕਾਰਾਂ ਨੂੰ ਸਿਰੋਪਾਓ ਦੇਣ ਦੀ ਬਖਸ਼ਿਸ਼ ਕੀਤੀ।

ਦਸਵੀਂ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ ਦੀ ਪਹਿਲੀ ਸ਼ਾਮ ਹੁਣ ਪੂਰੇ ਜੋਬਨ ਤੇ ਸੀ ਸੁਰਾ ਦੀ ਸਭਾ ਦਾ ਆਨੰਦ ਲੈਣ ਵਾਲੇ ਸਰੋਤਿਆਂ ਵਿੱਚ ਪੰਜਾਬ ਭਰ ਤੋਂ ਸੰਗੀਤ ਦੇ ਚਾਹਵਾਨ, ਸਿਖਿਆਰਥੀ ਫਨਕਾਰ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਪ੍ਰੀਤ ਵਾਨ ਸੰਗਤ ਦੇ ਨਾਲ-ਨਾਲ ਉਸਤਾਦ ਹਰਭਜਨ ਸਿੰਘ ਜੀ, ਓਮ ਪ੍ਰਕਾਸ਼ ਥਾਪਰ ਜੀ, ਪੰਡਤ ਹਰਵਿੰਦਰ ਸ਼ਰਮਾ ਜੀ, ਹਰਬੰਸ ਸਿੰਘ ਘੁੱਲਾ, ਸੁਖਦੇਵ ਸਿੰਘ ਦੇ ਨਾਲ ਨਾਲ ਸ੍ਰੀ ਭੈਣੀ ਸਾਹਿਬ ਸੰਗੀਤ ਫੁਲਵਾੜੀ ਦੀ ਸਾਰੀ ਜਮਾਤ ਵੀ ਸ਼ਾਮਲ ਸੀ। ਅੱਜ ਦੀ ਅਖੀਰਲੀ ਪੇਸ਼ਕਾਰੀ ਲਈ ਮੰਚ ਸੰਚਾਲਨ ਸ੍ਰੀ ਸੰਗਤ ਰਾਮ ਜੀ ਵੱਲੋਂ ਅਗਲੇ ਕਲਾਕਾਰਾਂ ਨੂੰ ਸੱਦਾ ਦਿੱਤਾ ਗਿਆ ਅਤੇ ਉਨ੍ਹਾਂ ਦਾ ਤਵਾਰੁਖ ਕਰਵਾਇਆ ਗਿਆ। ਹੁਣ ਵਾਰੀ ਸੀ ਹਿੰਦੁਸਤਾਨੀ ਸ਼ਾਸਤਰੀ ਗਾਇਕੀ ਦੇ ਉਚ ਕੋਟੀ ਦੇ ਕਲਾਕਾਰ ਸ੍ਰੀ ਬਰਜੇਸ਼ਵਰ ਮੁਖਰਜੀ ਅਤੇ ਸ੍ਰੀ ਅਨੋਲ ਚੈਟਰਜੀ ਦੀ।

ਸ੍ਰੀ ਬਰਜੇਸ਼ਵਰ ਮੁਖਰਜੀ ਦਾ ਜਨਮ ਬਰਦਵਾਨ ਵਿਖੇ ਹੋਇਆ। ਇਨ੍ਹਾਂ ਨੇ ਆਪਣੇ ਪਿਤਾ ਹਾਰਾ ਕੁਮਾਰ ਚੈਟਰਜੀ ਤੋਂ ਰਾਗ ਨਾਦ ਦੀ ਮੁਢਲੀ ਵਿਦਿਆ ਲੈਣੀ ਆਰੰਭ ਕੀਤੀ। ਉਪਰੰਤ ਸ੍ਰੀ ਅਮਿਤ ਰਾਇ ਜੀ ਪਾਸੋਂ ਸਿਖਿਆ ਅਤੇ ਬਾਅਦ ਵਿੱਚ ਪਦਮ ਭੂਸ਼ਨ ਪੰਡਤ ਅਜੇ ਚਕਰਵਰਤੀ ਜੀ ਦੀ ਸੰਗੀਤਕ ਛਤਰ ਛਾਇਆ ਹੇਠ ਸੰਗੀਤ ਦੇ ਸਫ਼ਰ ਨੂੰ ਅਗਾਹ ਵਧਾਇਆ। ਸ੍ਰੀ ਬਰਜੇਸ਼ਵਰ ਮੁਖਰਜੀ ਨੂੰ ਸੰਗੀਤ ਨਾਲ ਜੁੜੇ ਵੱਡੇ ਵੱਡੇ ਮਾਨ ਸਨਮਾਨ ਹਾਸਲ ਹਨ। ਜਿਨ੍ਹਾਂ ਵਿੱਚ ਧੰਨਜੇ ਸਮ੍ਰਿਤੀ ਪੁਰਸਕਾਰ, ਸ਼ਰੁਤੀ ਨੰਦਨ ਪੁਰਸਕਾਰ, ਬਿਸਮਿਲਾ ਖਾਂ ਯੁਵਾਂ ਪੁਰਸਕਾਰ, ਆਦਿਤਯ ਬਿਰਲਾ ਕਲਾ ਕਿਰਨ ਪੁਰਸਕਾਰ ਮੁਖ ਹਨ। ਇਹ ITCSRA ਤੋਂ ਸਕਾਲਰ ਹਨ।

ਸ੍ਰੀ ਅਨੋਲ ਚੈਟਰਜੀ ਵੀ ਪਦਮ ਭੂਸ਼ਨ ਪੰਡਤ ਸ੍ਰੀ ਅਜੇ ਚਕਰਵਰਤੀ ਜੀ ਦੇ ਪਰਮੁਖ ਸ਼ਿਸ਼ ਹਨ ਅਤੇ ਸ਼ਰੁਤੀ ਨੰਦਨ ਪੁਰਸਕਾਰ ਦੇ ਸਭ ਤੋਂ ਪਹਿਲੇ ਵਿਜੇਤਾ ਹਨ। ਅਨੋਲ ਚੈਟਰਜੀ ਨੂੰ ਗੀਤ ਰਾਜ ਸ੍ਰੀ ਰਵੀ ਸ਼ੰਕਰ ਜੀ ਦਾ ਬੜੀ ਛੋਟੀ ਉਮਰੇ ਹੀ ਅਸ਼ੀਰਵਾਦ ਪ੍ਰਾਪਤ ਹੋਇਆ ਸੀ ਅਤੇ ਸ੍ਰੀ ਰਵੀ ਸ਼ਕਰ ਜੀ ਨੇ ਅਨੋਲ ਦੇ ਉਜਲ ਸੰਗੀਤ ਮਈ ਭਵਿੱਖ ਦੀ ਭਵਿਖਬਾਣੀ ਇਨ੍ਹਾਂ ਦੇ ਛੋਟੇ ਹੁੰਦਿਆਂ ਹੀ ਕਰ ਦਿੱਤੀ ਸੀ। ਇਨ੍ਹਾਂ ਨਾਲ ਤਬਲਾ ਤੇ ਸੰਗਤ ਕਰਨ ਜਾ ਰਹੇ ਸਨ ਇਸ਼ਾਨ ਘੋਸ਼ ਜੀ। ਜਿਨਾਂ ਬਾਰੇ ਅਸੀਂ ਪਹਿਲਾਂ ਹੀ ਦੱਸ ਚੁੱਕੇ ਹਾਂ ਅਤੇ ਹਰਮੋਨੀਅਮ ਤੇ ਸੰਗਤ ਕਾਰ ਸਨ ਸ੍ਰੀ ਤਨਮੈ ਡਿਉਚਕੇ। ਜਿਨਾਂ ਨੇ ਸੰਗੀਤ ਦੀ ਸਿਖਿਆ ਬਚਪਨ ਤੋਂ ਹੀ ਆਪਣੇ ਪਿਤਾ ਸ੍ਰੀ ਅਭੈ ਡਿਉਚਕੇ ਅਤੇ ਦਾਦਾ ਸ੍ਰੀ ਗੋਪਾਲ ਰਾਏ ਡਿਉਚਕੇ ਤੋਂ ਸ਼ੁਰੂ ਕਰ ਦਿੱਤੀ ਸੀ। ਉਪਰੰਤ ਪਰਮੋਦ ਮਗਧੇ ਅਤੇ ਪੰਡਤ ਸੁਰੇਸ਼ ਕਲਵਰਕਰ ਜੀ ਪਾਸੋਂ ਵੀ ਸੰਗੀਤ ਸਿਖਿਆ। ਤਨਮੈ ਜੀ ਨੂੰ ਉਸਤਦ ਜਾਕਿਰ ਹੁਸੈਨ, ਪੰਡਤ ਅਜੇ ਚਕਰਵਰਤੀ ਜੀ ਅਤੇ ਸੁਰੇਸ਼ ਕਲਵਰਕਰ ਜੀ ਵਰਗੀਆ ਸੰਗੀਤ ਦੀਆਂ ਮਹਾਨ ਸ਼ਖਸੀਅਤਾ ਨਾਲ ਸੰਗਤ ਕਰਨ ਦਾ ਮਾਨ ਹਾਸਲ ਹੈ। ਅੱਜ ਦੀ ਪੇਸ਼ਕਾਰੀ ਸਮੇਂ ਡਾ. ਹਰਵਿੰਦਰ ਸਿੰਘ ਨਾਮਧਾਰੀ ਅਤੇ ਕਾਕਾ ਬਸੰਤ ਸਿੰਘ ਨਾਮਧਾਰੀ (ਸਪੁੱਤਰ ਬਲਵੰਤ ਸਿੰਘ ਜੀ) ਨੇ ਤਾਨਪੁਰੇ ਦੀ ਸੇਵਾ ਨਿਭਾਈ।

ਪੇਸ਼ਕਾਰੀ ਸ਼ੁਰੂ ਕਰਨ ਤੋਂ ਪਹਿਲਾਂ ਅਨੋਲ ਜੀ ਅਤੇ ਬਰਜੇਸ਼ਵਰ ਜੀ ਨੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਸਿਰ ਨਿਵਾਇਆ ਅਤੇ ਆਖਿਆ 'ਹਮਾਰਾ ਸੁਭਾਗ ਹੈ ਇਸ ਪੁਨ ਭੂਮੀ ਮੇ ਹਮੇਂ ਗਾਇਨ ਕਰਨੇ ਕਾ ਮੌਕਾ ਮਿਲਾ ਹੈ। ਯਹ ਵੋ ਜਗਹ ਹੈ ਜਹਾਂ ਸਬ ਮਹਾਨ ਸੰਗੀਤ ਕਾਰੋ ਨੇ ਗਾਇਆ ਬਾਜਇਆ ਹੈ। ਹਮ Blessed ਹੈ ਕਿ ਸਤਿਗੁਰੂ ਜੀ ਕੇ ਸਾਮਣੇ ਆਜ ਗਾ ਰਹੇ ਹੈ। ਇਨ੍ਹਾਂ ਦੋਵਾਂ ਕਲਾਕਾਰਾ ਨੇ ਸਭ ਤੋਂ ਪਹਿਲਾ ਰਾਤ ਦੇ ਰਾਗ ਮਾਲਕੋਂਸ ਨਾਲ ਪੇਸ਼ਕਾਰੀ ਸ਼ੁਰੂ ਕੀਤੀ। ਵਿਲੰਬਿਤ ਇਕ ਤਾਲ ਅਤੇ ਦਰੁਤ ਤਿੰਨ ਤਾਲ ਦੀਆਂ ਦੋ ਬੰਦਿਸ਼ਾਂ ਸੁਣਾਈਆਂ। ਉਪਰੰਤ ਗੁਰੂ ਗਿਆਨ ਪ੍ਰਕਾਸ ਜੀ ਦਾ ਰਚਿਤ ਤਰਾਨਾ ਸੁਨਾਇਆ, ਉਪਰੰਤ ਮਿਸ਼ਰ ਪਹਾੜੀ ਵਿੱਚ ਉਸਤਾਦ ਬੜੇ ਗੁਲਾਮ ਅਲੀ ਖਾਂ ਸਾਹਿਬ ਜੀ ਦੀ ਗਾਈ ਹੋਈ ਪ੍ਰਚਲਤ ਰਚਨਾ ਸੁਨਾਈ 'ਅਬ ਤੋ ਆਉ ਸਾਜਨਾ ਪੂਰੀ ਹੋ ਮਨ ਕੀ ਆਸ਼ਾ' ਜਿਸਨੂੰ ਸੁਣ ਕੇ ਨਾ ਸਿਰਫ਼ ਸੰਗੀਤ ਦੀ ਸਮਝ ਰਖਨ ਵਾਲੇ ਸਿਰ ਮਸਤੀ ਵਿੱਚ ਝੂਮ ਰਹੇ ਸਨ ਬਲਕਿ ਅਧਿਆਤਮ ਦੇ ਪਾਂਧੀ ਅਕਾਲ ਪੁਰਖ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਦੇ ਉਡੀਕ ਵਾਨ ਸਿਰ ਵੀ ਵਿਸਮਾਦ ਮਈ ਸਨ। ਸੁਰਾਂ ਦੀ ਮਹਿਫਿਲ ਵਿੱਚ ਰਾਗ ਨਾਦ

ਰਸ ਵਿੱਚ ਹਰ ਕੋਈ ਤੁਰਿਆ ਹੋਇਆ ਸੀ। ਸਰੋਤੇ ਤਾ ਵਿਭੋਰ ਹੀ ਸਨ ਪੇਸ਼ਕਾਰ ਵੀ ਸ੍ਰੀ ਭੈਣੀ ਸਾਹਿਬ ਦੀ ਭੂਮੀ ਤੇ ਸਿਰਜੇ ਸੰਗੀਤ ਮਹੋਤਸਵ ਵਿੱਚ ਗਦ-ਗਦ ਸਨ। ਅਨੋਲ ਜੀ ਨੇ ਆਪਣੀ ਪੇਸ਼ਕਾਰੀ ਵਿੱਚ ਆਖਿਆ ਸੀ ਕੇ ਤਨਮੈ ਅਤੇ ਵਿਸ਼ਾਨ ਨਾਲ ਪਹਿਲੀ ਵਾਰ ਗਾਉਣ ਦਾ ਸੁਭਾਗ ਬਣਿਆ ਹੈ, ਐਸੇ ਸੰਗਤਕਾਰ ਅਤੇ ਐਸੀ ਸੰਗਤ ਦਾ ਆਨੰਦ ਕਦੇ ਕਦੇ ਹੀ ਪ੍ਰਾਪਤ ਹੁੰਦਾ ਹੈ। ਪੇਸ਼ਕਾਰੀ ਦਾਦ ਦੋਂਵੇ ਗਾਇਕਾ ਤੇ ਸੰਗੀਤਕਾਰਾਂ ਨੇ ਸਤਿਗੁਰੂ ਜੀ ਦੇ ਚਰਨ ਪਰਸੇ। ਸਤਿਗੁਰੂ ਜੀ ਨੇ ਸਭ ਦੇ ਗਲਾਂ ਵਿੱਚ ਸਿਰੋਪਾਓ ਵਜੋਂ ਲੋਈ ਪਾਉਣ ਦੀ ਬਖਸ਼ਿਸ਼ ਕੀਤੀ। ਜਿਕਰਯੋਗ ਹੈ ਇਸ ਸਿਰੋਪਾਓ ਲਈ ਤਿਆਰ ਕੀਤੀ ਗਈ ਲੋਈ ਦੇ ਇਕ ਕਿਨਾਰੇ ਤੇ ਦਸਵੇ ਸੰਗੀਤ ਸੰਮੇਲਨ ਦਾ ਲੋਗੋ ਪ੍ਰਿੰਟ ਕਰਵਾਇਆ ਹੋਇਆ ਸੀ। ਜਿਸਨੂੰ ਬੰਤਾ ਸਿੰਘ ਅਤੇ ਗਿਆਨ ਸਿੰਘ ਨੇ ਤਿਆਰ ਕੀਤਾ ਸੀ। ਇਸ ਤਰ੍ਹਾਂ ਦਸਵੇਂ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ ਦੀ ਪਹਿਲੀ ਸ਼ਾਮ ਰਾਤ ਦੀ ਬੁਕਲ ਵਿੱਚ ਜਾ ਬਿਰਾਜੀ ਸਾਰੇ ਕਲਾਕਾਰਾਂ ਨਾਲ ਰਾਤਰੀ ਭੋਜਨ ਸਤਿਗੁਰੂ ਜੀ ਦੇ ਨਿਵਾਸ ਦੇ ਪ੍ਰਥਮ ਤਲ ਦੇ ਆਉ ਭਗਤ ਕਮਰੇ ਵਿੱਚ ਵਰਜਿਆ ਗਿਆ। ਜਿਥੇ ਨਾਮਧਾਰੀ ਸੰਗੀਤ ਸਿਖਿਆਰਥੀਆਂ ਨੂੰ ਆਏ ਹੋਵੇ ਵਿਦਵਾਨ ਕਲਾਕਾਰਾਂ ਨਾਲ ਭੋਜਨ ਕਰਨ ਦਾ, ਗਲਬਾਤ ਕਰਨ ਦਾ ਅਵਸਰ ਵੀ ਪ੍ਰਾਪਤ ਹੋਇਆ। ਪੰਜਾਬੀ ਜਾਇਕੇ ਦੇ ਰਸ ਮਈ ਭੋਜਨ ਦੀ ਤਿਆਰੀ ਲਾਂਗਰੀ ਰਣਜੀਤ ਸਿੰਘ ਅਤੇ ਵਰਿਆਮ ਸਿੰਘ ਨੇ ਮਾਤਾ ਗੁਰਸ਼ਰਨ ਕੌਰ ਜੀ ਦੀ ਅਗਵਾਈ ਵਿੱਚ ਕੀਤੀ। ਜਿਸਦਾ ਰਜਵਾਂ ਆਨੰਦ ਮਹਿਮਾਨ ਕਲਾਕਾਰਾਂ ਨੇ ਮਾਣਿਆ।

**26 ਨਵੰਬਰ 2022–** ਦੂਸਰੇ ਦਿਨ ਦੀ ਸਭਾ ਨੂੰ ਆਰੰਭ ਕਰਦਿਆਂ ਮੰਚ ਸੰਚਾਲਕ ਸ੍ਰੀ ਸੰਗਤ ਰਾਮ ਜੀ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਉਸਤਤ ਕਰਦਿਆਂ ਫਿਰ ਸਭ ਨੂੰ "ਜੀ ਆਇਆ" ਆਖਿਆ। ਅੱਜ ਦੀ ਸਭ ਤੋਂ ਪਹਿਲੀ ਪੇਸ਼ਕਾਰੀ ਰਹੀ ਸਾਤਨਿਕ ਚੈਟਰਜੀ ਦੀ ਜਿਸਨੇ ਪਹਿਲੀ ਸਤਿਗੁਰੂ ਜਗਜੀਤ ਸਿੰਘ ਸੰਗੀਤ ਪ੍ਰਤੀਯੋਗਿਤਾ ਦਾ ਖਿਤਾਬ ਜਿੱਤਨ ਦੇ ਨਾਲ ਇਹ ਮਾਨ ਵੀ ਹਾਸਲ ਕੀਤਾ ਕਿ ਉਨ੍ਹਾਂ ਨੂੰ ਦਸਵੇਂ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ ਵਿੱਚ ਵੀ ਗਾਇਕੀ ਪੇਸ਼ ਕਰਨ ਦਾ ਅਵਸਰ ਪ੍ਰਾਪਤ ਹੋਇਆ। ਸਾਤਨਿਕ ਚੈਟਰਜੀ ਨੇ 6 ਸਾਲ ਦੀ ਉਮਰ ਵਿੱਚ ਆਪਣੀ ਮਾਤਾ ਸੋਧਾ ਚੈਟਰਜੀ ਪਾਸੋਂ ਸੰਗੀਤ ਦੀ ਤਾਲੀਮ ਲੈਣੀ ਆਰੰਭ ਕੀਤੀ ਅਤੇ 7 ਸਾਲ ਦੀ ਉਮਰ ਵਿੱਚ ਪੰਡਤ ਸੰਜੀਤ ਮੁਖਰਜੀ ਦੇ ਸ਼ਗਿਰਦ ਬਣੇ। ਉਸਤੋਂ ਬਾਅਦ ਆਗਰਾ ਘਰਾਣੇ ਦੇ ਉਸਤਾਦ ਵਸੀਮ ਅਹਿਮਦ ਖਾਨ ਸਾਹਿਬ ਤੋਂ ਸਿਖਣਾ ਸ਼ੁਰੂ ਕੀਤਾ। 13 ਸਾਲ ਦੀ ਉਮਰ ਵਿੱਚ ਪੰਡਤ ਸਿਧਾਰਤ ਚੈਟਰਜੀ ਪਾਸੋਂ ਤਬਲਾ ਵਾਦਕ ਦੀ ਸਿਖਿਆ ਵੀ ਲੈਣੀ ਸ਼ੁਰੂ ਕੀਤੀ। ਸਾਤਨਿਕ ਚੈਟਰਜੀ ਨੇ 2017 ਵਿੱਚ ਅਖਿਲ ਭਾਰਤੀਯ ਰੇਲਵੇ ਪ੍ਰਤੀਯੋਗਿਤਾ ਵਿੱਚ ਖਿਆਲ ਗਾਇਕੀ ਦਾ ਪਹਿਲਾ ਸਥਾਨ ਹਾਸਲ ਕੀਤਾ।

2010 ਵਿੱਚ ਪੱਛਮ ਬੰਗਾਲ ਰਾਜ ਯੁਵਾ ਮਹਾਂਉਤਸਵ ਵਿੱਚ ਵੀ ਪਹਿਲਾ ਸਥਾਨ ਹਾਸਿਲ ਕੀਤਾ। 2010 ਵਿੱਚ ਹੀ ਆਲ ਇੰਡੀਆ ਰੇਡੀਓ ਕਲਕੱਤਾ ਦੇ ਯੁਵਾ ਪ੍ਰੋਗਰਾਮ ਲਈ ਸ਼ਾਸ਼ਤਰੀ ਸੰਗੀਤ ਕਲਾਕਾਰ ਦੇ ਰੂਪ ਵਿੱਚ ਨਾਮੰਕਿਤ ਕੀਤਾ ਗਿਆ। 2019 ਡਾਵਰਲੈਬ ਸੰਗੀਤ ਸੰਮੇਲਣ ਦਾ ਪਹਿਲਾ ਇਨਾਮ ਜਿੱਤਿਆ। 2021 ਚੇਤਨਾ ਸਮ੍ਰਿਤੀ ਸੰਗੀਤ ਦੇ ਸੰਗੀਤ ਮੁਕਾਬਲੇ ਵਿੱਚ ਖਿਆਲ ਗਾਇਕੀ ਲਈ ਪਹਿਲਾ ਇਨਾਮ ਪ੍ਰਾਪਤ ਹੋਇਆ।

ਸੰਗੀਤ ਦੇ ਇਸ ਸਫਰ ਕਰਕੇ ਭਾਰਤ ਸਰਕਾਰ ਵਲੋਂ ਸਾਤਨਿਕ ਨੂੰ ਸਕਾਲਰ ਸ਼ਿਪ ਪ੍ਰਾਪਤ ਹੋਈ ਹੈ ਅਤੇ ਅੱਜ ਸਾਤਨਿਕ ਨੂੰ ਇਸ ਮੰਚ ਤੇ ਛੋਟੀ ਉਮਰੇ ਹੀ ਗਾਇਨ ਦਾ ਸੁਭਾਗ ਪ੍ਰਾਪਤ ਹੋ ਰਿਹਾ ਹੈ। ਜਿਸ ਨੇ ਤਬਲੇ ਤੇ ਸੰਗਤ ਕੀਤੀ ਨਾਮਧਾਰੀ ਅਜੇਪਾਲ ਸਿੰਘ ਨੇ ਜਿਨ੍ਹਾਂ ਦੇ ਦਾਦਾ ਸੰਤ ਦਰਸ਼ਨ ਸਿੰਘ ਤੇ ਖਜਾਨ ਸਿੰਘ ਪਿਤਾ ਹਰਬੰਸ ਸਿੰਘ ਘੁੱਲਾ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਵਰਤਮਾਨ ਸਤਿਗੁਰੂ ਜੀ ਦੇ ਹਜ਼ੂਰੀ ਰਾਗੀ ਹੋਣ ਦਾ ਮਾਨ ਪ੍ਰਾਪਤ ਹੈ।

ਅਜੇਪਾਲ ਸਿੰਘ ਨੇ ਹਰਪ੍ਰੀਤ ਸਿੰਘ ਸੋਨੂੰ ਅਤੇ ਰਾਜੇਸ਼ ਮਾਲਵੀਆ ਜੀ ਪਾਸੋਂ 12 ਸਾਲ ਦੀ ਉਮਰ ਵਿੱਚ ਹੀ ਤਬਲੇ ਦੀ ਤਾਲੀਮ ਹਾਸਲ ਕਰਨੀ ਆਰੰਭ ਕਰ ਦਿੱਤੀ ਸੀ। ਉਪਰੰਤ ਬਨਾਰਸ ਘਰਾਣੇ ਨੇ ਪੰਡਤ ਕੁਮਾਰ ਬੌਸ ਜੀ ਦੇ ਨਾਲ ਉਸਤਾਦੀ ਸ਼ਗਿਰਦੀ ਹੋਈ। ਹਜ਼ੂਰ ਸਤਿਗੁਰੂ ਜੀ ਕੁਝ ਚਿਰ ਪਹਿਲਾ ਅਜੇਪਾਲ ਸਿੰਘ ਨੂੰ ਵਿਸ਼ਵ ਵਿਖਿਆਤ ਤਬਲਾ ਵਾਦਕ ਪੰਡਤ ਯੋਗੇਸ਼ ਸਮਸੀ ਜੀ ਦਾ ਸ਼ਗਿਰਦ ਬਣਾਇਆ। ਹਰਮੋਨੀਅਮ ਤੇ ਸੰਗਤ ਕੀਤੀ ਨਾਮਧਾਰੀ ਨੌਜਵਾਨ ਸਾਜਨ ਸਿੰਘ ਨੇ ਜੋ ਪੰਡਤ ਰਾਜਨ ਸਾਜਨ ਮਿਸ਼ਰਾ ਜੀ ਦੇ ਸ਼ਗਿਰਦ ਹਨ। ਤਾਨਪੁਰੇ ਤੇ ਰਤਨ ਸਿੰਘ ਅਤੇ ਬਸੰਤ ਸਿੰਘ। ਸਾਤਨਿਕ ਨੇ ਸਤਿਗੁਰੂ ਜੀ ਨੂੰ ਨਮਨ ਕਰ ਸਭ ਤੋਂ ਪਹਿਲਾਂ ਆਗਰਾ ਘਰਾਨੇ ਦਾ ਪ੍ਰਚਲਤ ਨੋਮਤੋਮ ਅਲਾਪ ਕੀਤਾ। ਫਿਰ ਉਸਨੇ ਰਾਗ ਪੂਰਬੀ, ਵਿਲੰਬਿਤ ਇਕ ਤਾਲ ਦਰੁਤ ਤਿੰਨ

ਤਾਲ ਵਿੱਚ ਪੇਸ਼ਕਾਰੀ ਕੀਤੀ। ਉਪਰੰਤ ਪੰਡਤ ਭੀਮ ਸੇਨ ਜੋਸੀ ਜੀ ਦਾ ਪ੍ਰਚਲਤ ਭਜਨ ਬਾਜੇ ਮੁਰਲੀਆ ਬਾਜੇ ਸੁਣਾਕੇ ਸਤਿਗੁਰੂ ਜੀ ਤੋਂ ਸਿਰੋਪਾਓ ਪ੍ਰਾਪਤ ਕੀਤਾ।

ਅੱਜ ਦੀ ਦੂਸਰੀ ਪੇਸ਼ਕਾਰੀ ਵਾਇਲਨ ਵਾਦਕ ਵਿਦੁਨੀ ਕਲਾਗਸ ਨਾਥ ਜੀ ਦੀ ਰਹੀ। ਜਿਨ੍ਹਾਂ ਨੇ ਗ੍ਰੇਮੀ ਨੋਮੀਨੇਟਿਡ ਮਾਈਲਸ ਪਰਾਮ ਇੰਡੀਆ ਪ੍ਰੋਜੇਕਟ ਵਿੱਚ ਵਾਇਲਨ ਵਾਦਨ ਕੀਤਾ ਹੈ ਅਤੇ ਗ੍ਰੇਮੀ ਨੋਮਿਨੇਟਿਡ ਇਨ ਟਵਨਟੀ ਸੈਵਨ ਪੀਸੀਜ਼ ਵਿੱਚ ਵੀ ਉਨ੍ਹਾਂ ਦੀਆਂ ਕੰਪੋਜੀਸ਼ਨਸ ਹਨ, ਇਸਤੋਂ ਇਲਾਵਾ ਆਸਕਰ ਨਾਮਿਨੇਟਡ ਵਲਡ ਡਾਇਮੰਡ ਵਰਗੇ ਹਾਲੀਵੁਡ ਦੇ ਸਾਉਂਡ ਟਰੈਕ ਵਿੱਚ ਵੀ ਉਨ੍ਹਾਂ ਦਾ ਵਾਦਨ ਹੈ।

2016 ਵਿੱਚ ਵਿਦੁਨੀ ਜੀ ਨੂੰ ਸੰਗੀਤ ਨਾਟਕ ਅਕਾਦਮੀ ਪੁਰਸਕਾਰ ਪ੍ਰਾਪਤ ਹੋਇਆ। ਇਸ ਤੋਂ ਇਲਾਵਾ ਰਾਸ਼ਟਰੀਆ ਕੁਮਾਰ ਗੰਧਰਵ ਸਨਮਾਨ 2008 ਵਿੱਚ। ਪੰਡਤ ਜਸਰਾਜ ਗੋਰਵ ਪੁਰਸਕਾਰ 1999 ਵਿੱਚ ਪ੍ਰਾਪਤ ਹੋਇਆ। ਇਹ ਮਿਵਾਤੀ ਘਰਾਨੇ ਨਾਲ ਸੰਬੰਧ ਰਖਦੇ ਹਨ, ਇਨ੍ਹਾਂ ਨੇ ਆਪਣੇ ਦਾਦਾ ਏ ਨਾਰਾਇਨਨ ਆਇਯਰ ਜੀ ਤੋਂ ਸੰਗੀਤ ਦੀ ਤਾਲੀਮ ਲਈ। ਉਪਰੰਤ ਪੰਡਤ ਜਸਰਾਜ ਜੀ ਦੀ ਸ਼ਿਸ਼ਿਆ ਹੋਣ ਦਾ ਸ਼ੁਭਾਗ ਪ੍ਰਾਪਤ ਹੋਇਆ। ਹਿੰਦੁਸਤਾਨੀ ਅਤੇ ਕਰਨਾਟਕੀ ਸੰਗੀਤ ਕਰਕੇ ਇਨ੍ਹਾਂ ਨੇ ਉਸਤਾਦ ਜ਼ਾਕਿਰ ਹੁਸੈਨ ਵਰਗੇ ਹਿੰਦੁਸਤਾਨ ਦੇ ਮਹਾਨ ਕਲਾਕਾਰਾਂ ਨਾਲ ਜੁਗਲ ਬੰਦੀ ਕੀਤੀ ਹੈ। ਇਸ ਤੋਂ ਇਲਾਵਾ ਵਿਦੇਸ਼ਾ ਦੇ ਨਾਮਚੀਨ ਕਲਾਕਾਰਾਂ ਨਾਲ ਵੀ ਜੁਗਲ ਬੰਦੀ ਅਤੇ ਪੇਸ਼ਕਾਰੀ ਕਰ ਚੁੱਕੇ ਹਨ। ਅੱਜ ਇਸ ਮੰਚ ਤੇ ਤਬਲਾ ਵਾਦਕ ਇਸ਼ਾਨ ਘੋਸ ਨਾਲ ਪੇਸ਼ਕਾਰੀ ਕੀਤੀ। ਸਭ ਤੋਂ ਪਹਿਲਾਂ ਸਤਿਗੁਰੂ ਜੀ ਨੂੰ ਨਮਨ ਕੀਤਾ। ਇਨ੍ਹਾਂ ਨੇ ਰਾਗ ਸ਼ੁਧ ਬਗਰੀ ਵਿੱਚ ਖਿਆਲ ਦੇ ਅੰਗ ਵਿਲੰਬਿਤ ਇਕ ਤਾਲ, ਫਿਰ ਤਿੰਨ ਤਾਲ ਵਿੱਚ ਤੇ ਝਾਲਾ ਵਜਾ ਕੇ ਸਤਿਗੁਰੂ ਜੀ ਤੋਂ ਸਿਰੋਪਾਓ ਹਾਸਲ ਕੀਤਾ। ਇਸ ਪ੍ਰਸਤੁਤੀ ਤੋਂ ਬਾਅਦ ਇਕ ਵਾਰ ਫਿਰ ਹਰਪਾਲ ਸਿੰਘ ਸੇਵਕ ਨੇ ਜਿਥੇ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਸੰਗੀਤ ਅਤੇ ਸਿਖੀ ਵਿਰਸੇ ਲਈ ਕੀਤੇ ਪਰਉਪਕਾਰਾਂ ਦਾ ਵਰਨਣ ਕੀਤਾ ਨਾਲ ਹੀ ਹਜ਼ੂਰ ਸਤਿਗੁਰੂ ਜੀ ਦੁਆਰਾ ਸਤਿਗੁਰੂ ਜਗਜੀਤ ਸਿੰਘ ਜੀ ਦੇ ਸੁਪਨਿਆਂ ਨੂੰ ਸਕਾਰ ਹੁੰਦੇ ਕਾਰਜਾ ਦਾ ਜ਼ਿਕਰ ਕੀਤਾ।

ਅਗਲੀ ਪੇਸ਼ਕਾਰੀ ਤਬਲਾਵਾਦਕ ਪੰਡਤ ਸਤਯਜੀਤ ਤਲਵਲਕਰ ਜੀ ਦੀ ਅਤੇ ਡ੍ਰਮ ਪਲੇਅਰ ਸ੍ਰੀ ਬਰਨਾਰਡ ਸ਼ਿਮਪਲਸ ਵਰਜਰ ਦੀ ਰਹੀ।

ਜਿਨ੍ਹਾਂ ਨਾਲ ਹਾਰਮੋਨੀਅਮ ਤੇ ਸੰਗਤ ਕੀਤੀ ਸ੍ਰੀ ਤਨਮੈ ਦੇਓਚਕੇ ਜੀ ਨੇ। ਪੰਡਤ ਸਤਯਜੀਤ ਤਲਵਲਕਰ ਜੀ ਨੇ ਸੰਗੀਤ ਦੀ ਸਾਧਨਾ ਪਿਤਾ ਪਦਮ ਸ੍ਰੀ ਪੰਡਤ ਸੁਰੇਸ਼ ਤਲਵਲਕਰ ਜੀ ਅਤੇ ਮਾਤਾ ਪਦਮਾ ਤਲਵਲਕਰ ਜੀ ਦੇ ਅਨੁਗ੍ਰਹਿ ਵਿੱਚ ਸ਼ੁਰੂ ਕੀਤੀ। ਇਨ੍ਹਾਂ ਨੂੰ ਪੰਡਤ ਜਸਰਾਜ ਜੀ, ਉਸਤਾਦ ਅਮਜਦ ਅਲੀ ਖਾਨ ਸਾਹਿਬ, ਪੰਡਤ ਸ਼ਿਵਕੁਮਾਰ ਸ਼ਰਮਾ ਜੀ, ਪੰਡਤ ਹਰੀ ਪ੍ਰਸ਼ਾਦ ਚੋਰਸੀਆ ਜੀ ਵਰਗੇ ਮਹਾਨ ਕਲਾਕਾਰਾਂ ਨਾਲ ਸੰਗਤ ਕਰਨ ਦੀ ਖਿਆਤੀ ਪ੍ਰਾਪਤ ਹੈ। ਇਨ੍ਹਾਂ ਨੂੰ ਸੰਗੀਤ ਨਾਟਕ ਅਕਾਦਮੀ ਵਲੋਂ ਭਾਰਤ ਰਤਨ, ਉਸਤਾਦ ਬਿਸਮਿਲਾ ਖਾਨ ਯੁਵਾ ਪੁਰਸਕਾਰ, ਆਦਿਤਯ ਬਿਰਲਾ ਕਲਾ ਕਿਰਨ ਪੁਰਸਕਾਰ ਅਤੇ ਹੋਰ ਵੀ ਬੜੇ ਮਾਨ ਸਨਮਾਨ ਹਾਸਲ ਹਨ।

ਅੱਜ ਇਸ ਮੰਚ ਤੇ ਇਨ੍ਹਾਂ ਦੀ ਜੁਗਲ ਬੰਦੀ ਅਤੇ ਡ੍ਰਮਰ ਬਰਨਾਰਡ ਜੀ ਨਾਲ ਹੋਈ ਹੈ। ਜਿਨ੍ਹਾਂ ਨੇ ਡ੍ਰਮ ਦੇ ਨਾਲ-ਨਾਲ ਤਬਲਾ ਵਾਦਨ, ਪਛਮੀ ਸੰਗੀਤ ਤੇ ਭਾਰਤੀ ਸ਼ਾਸਤਰੀ ਸੰਗੀਤ ਦੀ ਵੀ ਮਹਾਰਥ ਹਾਸਲ ਕੀਤੀ ਹੈ। ਉਹ ਤਾਲ ਯੋਗੀ ਪੰਡਤ ਸੁਰੇਸ ਤਲਵਲਕਰ ਜੀ ਦੇ ਪ੍ਰਭਾਵ ਵਿੱਚ ਰਹੇ ਹਨ ਅਤੇ ਵਿਸ਼ਵ ਭਰ ਵਿੱਚ ਆਪਣੇ ਹੁਨਰ ਦਾ ਜਾਦੂ ਬਖੇਰ ਚੁੱਕੇ ਹਨ। ਇਸਦੇ ਨਾਲ-ਨਾਲ ਇਹ ਸੰਗੀਤ ਵਿੱਚ ਲੇਖਨ ਕਾਰਜ ਵੀ ਕਰ ਰਹੇ ਹਨ। ਇਨ੍ਹਾਂ ਨੇ ਸ੍ਰੀ ਰਾਕੇਸ ਚੌਰਸੀਆ, ਅਨੁਸ਼ਕਾ ਸ਼ੰਕਰ, ਸ੍ਰੀ ਨਿਤੀਨ ਸ਼ਾਹਨੀ, ਤਾਲਵਿਨ ਸਿੰਘ, ਸ਼ਸ਼ੀਲਾ ਰਮਨ ਵਰਗੇ ਕਲਾਕਾਰਾਂ ਨਾਲ ਫਿਉਜਨ ਕੰਪਨੀ ਅਤੇ ਆਪਣੀ ਕੰਪਨੀ ਸਰਕਲ ਆਫ਼ ਸਾਉਂਡ ਲਈ ਕੰਮ ਕਰ ਰਹੇ ਹਨ। ਅਜ ਇਨ੍ਹਾਂ ਦੋਵਾਂ ਕਲਾਕਾਰਾਂ ਨੇ ਤਨਮੈ ਦਿਓਚਕੇ ਦੇ ਲਹਿਰੇ ਨਾਲ ਤਿੰਨ ਤਾਲ ਵਿੱਚ ਆਪਣੀ ਪ੍ਰਸਤੁਤੀ ਸ਼ੁਰੂ ਕੀਤੀ। ਲੈਅ ਤਾਲ ਦੇ ਬੋਲਾਂ ਦਾ ਐਸਾ ਸੰਗਮ ਡ੍ਰਮ ਦੇ ਵਖਰੇ ਵਖਰੇ ਭਾਗਾਂ ਵਿੱਚ ਤੇ ਕਦੀ ਮੰਜੀਰੇ ਅਤੇ ਘੁੰਗਰੂਆਂ ਵਰਗੀ ਧਵਨੀ ਦੇਣ ਵਾਲੇ ਸਾਜਾਂ ਨਾਲ ਇਹ ਜੁਗਲ ਬੰਦੀ ਇਹ ਫਿਓਜਨ ਵੇਖਦਿਆਂ ਹੀ ਬੰਨਦਾ ਸੀ। ਬਰਨਰਤ ਨੇ ਆਖਿਆ ਮੈਂ ਬਹੁਤ ਖੁਸ਼ ਹਾਂ ਪਹਿਲੀ ਵਾਰ ਪੰਜਾਬ ਆਇਆ ਹਾਂ। ਮੈਨੂੰ ਬਲਿਾਣ ਲਈ ਸਤਿਗੁਰੂ ਜੀ ਦਾ ਬਹੁਤ ਬਹੁਤ ਧੰਨਵਾਦ। ਇਨ੍ਹਾਂ ਦੋਨਾਂ ਕਲਾਕਾਰਾਂ ਨੇ ਪੰਜਾਬ ਘਰਾਨੇ ਦੀਆਂ ਵੀ ਬਹੁਤ ਸਾਰੀਆਂ ਚੀਜ਼ਾਂ ਵਜਾਈਆਂ। ਸਰੋਤੇ ਇਹਨਾਂ ਦੇ ਆਹਤ ਨਾਦ ਨਾਲ ਵਿਸਮਾਦ ਦੀ ਅਵਸਥਾ ਵਿੱਚ ਪਹੁੰਚ ਰਹੇ ਸਨ। ਬਰਨਾਰਤ ਨੇ ਆਖਿਆ ਭਾਰਤ ਵਿੱਚ ਵੱਖ-ਵੱਖ ਭਾਸ਼ਾਵਾਂ ਹਨ ਵੱਖ-ਵੱਖ ਕਲਚਰ ਹੈ ਜੋ ਬੜਾ ਹੀ ਪ੍ਰਭਾਵਤ ਕਰਦਾ ਹੈ। ਦੋਨਾਂ ਨੂੰ

ਸਤਿਗੁਰੂ ਜੀ ਨੇ ਸਿਰੋਪਾਓ ਦੇ ਕੇ ਪਿਆਰ ਬਖਸ਼ਿਆਂ। ਜਿਸ ਲਈ ਇਨ੍ਹਾਂ ਨੇ ਝੋਲੀ ਆਪ ਅੱਡ ਰਖੀ ਸੀ।

ਇਸ ਦੇ ਨਾਲ ਹੀ ਅੱਜ ਦੀ ਸਭਾ ਦਾ ਸੰਗੀਤ ਦੀ ਸਿਖਰ ਨੂੰ ਛੁਹੰਦਿਆਂ ਸਮਾਪਨ ਹੋਇਆ।

27 ਨਵੰਬਰ 2022 ਅੱਜ ਦੀ ਸ਼ਾਮ ਦੀ ਪਹਿਲੀ ਪੇਸ਼ਕਾਰੀ ਇੰਗਲੈਂਡ ਵਾਸੀ ਨਾਮਧਾਰੀ ਨੌਜਵਾਨ ਕਿਰਪਾਲ ਸਿੰਘ ਪਨੇਸਰ ਦੀ ਰਹੀ। ਜਿਨ੍ਹਾਂ ਨੇ 11 ਸਾਲ ਦੀ ਉਮਰ ਵਿੱਚ ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸੰਗੀਤਕਾਰ ਬੱਚਿਆਂ ਨੂੰ ਪਿਆਰ ਦੇ ਨਿਵਾਜਦੇ ਵੇਖ ਅਰਜ਼ ਕੀਤੀ ਕੀ ਮੈਂ ਵੀ ਰਾਗ ਸਿਖਨਾ ਹੈ ਤਾਂ ਪਾਤਸ਼ਾਹ ਜੀ ਨੇ ਇਨ੍ਹਾਂ ਦੀ ਉਸਤਾਦੀ ਸ਼ਗਿਰਦੀ ਉਦੋਂ ਹੀ ਉਸਤਾਦ ਸੁਰਜੀਤ ਸਿੰਘ ਸਾਰੰਗੀ ਵਾਦਨ ਨਾਲ ਕਰਵਾ ਦਿੱਤੀ। ਉਪਰੰਤ ਇਹ ਉਸਤਾਦ ਹਰਮਿੰਦਰ ਪਾਲ ਸਿੰਘ ਰਿਆਤ ਅਤੇ ਉਸਤਾਦ ਗੁਰਦੇਵ ਸਿੰਘ ਜੀ ਸਰੋਦ ਵਾਦਕ ਪਾਸੋਂ ਸਿਖਦੇ ਰਹੇ। ਫਿਰ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਨ੍ਹਾਂ ਦੀ ਉਸਤਾਦੀ ਸ਼ਗਿਰਦੀ ਭਾਰਤ ਰਤਨ ਵਿਸ਼ਵ ਪ੍ਰਸ਼ਿਦ ਉਸਤਾਦ ਵਿਸਮਿਲਾ ਖਾਨ ਸਾਹਿਬ ਨਾਲ ਕਰਵਾਈ। ਇਹ ਤਾਰ ਸ਼ਹਿਨਾਈ ਇਸਰਾਜ ਅਤੇ ਤਾਊਸ਼ ਦੇ ਵਾਦਨ ਵਿੱਚ ਮਹਾਰਥ ਹਾਸਲ ਕਰ ਚੁੱਕੇ ਹਨ। ਅੱਜ ਤਾਰ ਸ਼ਹਿਨਾਈ ਦੀ ਪੇਸ਼ਕਾਰੀ ਕਰਨ ਲੱਗਿਆ ਬੜੇ ਹੀ ਭਾਵੁਕ ਮਨ ਨਾਲ ਇਸਨੇ ਗਿਆਰਾਂ ਸਾਲ ਵਾਲੀ ਉਮਰ ਦੇ ਉਸ ਪਲ ਨੂੰ ਵੀ ਯਾਦ ਕੀਤਾ ਅਤੇ ਆਪਣੇ ਵੱਡੇ ਭਾਗ ਹੋਣ ਦਾ ਮਾਨ ਮਹਿਸੂਸ ਕਰਦਿਆਂ ਹਜ਼ੂਰ ਸਤਿਗੁਰੂ ਜੀ ਦਾ ਧੰਨਵਾਦ ਕੀਤਾ। ਕਿਉਂਕਿ ਅੱਜ ਜਿਨ੍ਹਾਂ ਦੀ ਕਿਰਪਾ ਕਰਕੇ ਇਸ ਮੰਚ ਤੇ ਕਿਰਪਾਲ ਸਿੰਘ ਨੂੰ ਵਿਸ਼ਵ ਦੇ ਚੋਟੀ ਦੇ ਤਬਲਾ ਵਾਦਕ ਪੰਡਤ ਯੋਗੇਸ਼ ਸੰਮਸੀ ਦੀ ਸੰਗਤ ਪ੍ਰਾਪਤ ਹੋ ਰਹੀ ਸੀ। ਪੰਡਤ ਯੋਗੇਸ਼ ਸਮਸੀ ਜੀ ਦਾ ਜਨਮ ਪੰਡਤ ਦਿਨਕਰ ਕੈਦਨੀ ਅਤੇ ਸ਼ਮੀਕਲਾ ਕੈਕਨੀ ਜੀ ਘਰ ਹੋਇਆ। ਇਹ ਪੰਜਾਬ ਘਰਾਨੇ ਦੇ ਮਹਾਨ ਉਸਤਾਦ ਤਬਲਾ ਵਾਦਕ ਉਸਤਾਦ ਅੱਲਾ ਰੱਖਾ ਖਾਨ ਸਾਹਿਬ ਦੇ ਸ਼ਾਗਿਰਦ ਹਨ ਅਤੇ ਉਸਤਾਦ ਜ਼ਾਕਿਰ ਹੁਸੈਨ ਦੇ ਗੁਰੁ ਭਾਈ ਵੀ ਹਨ। ਗੁਨ ਦੇ ਨਾਲ-ਨਾਲ ਇਨ੍ਹਾਂ ਦੀ ਨਿਰਮਤਾ ਤੋਂ ਹਰ ਕੋਈ ਸਦਕੇ ਜਾਂਦਾ ਹੈ। ਇਹ ਸੰਗੀਤ ਲੜੀ ਸਤਿਗੁਰੂ ਜਗਜੀਤ ਸਿੰਘ ਸੰਗੀਤ ਪ੍ਰਤਿਯੋਗਿਤਾ ਦੇ ਪੈਟਰਨ ਵੀ ਹਨ। ਸਤਿਗੁਰੂ ਜਗਜੀਤ ਸਿੰਘ ਜੀ ਨਾਲ ਇਨ੍ਹਾਂ ਦਾ ਅਥਾਹ ਪ੍ਰੇਮ ਸੀ। ਨਾਮਧਾਰੀ ਸੰਗਤ ਇਨ੍ਹਾਂ ਨੂੰ ਆਪਣਾ ਹੀ ਪਰਿਵਾਰਕ ਮੈਂਬਰ ਮੰਨਦੀ ਹੈ। ਇਸ ਲਈ ਅੱਜ ਕਿਰਪਾਲ ਸਿੰਘ ਨੇ ਪੇਸ਼ਕਾਰੀ ਕਰਨ ਤੋਂ ਪਹਿਲਾਂ ਆਖਿਆ ਕਿ ਯੋਗੇਸ ਜੀ ਨਾਲ ਵਜਾਉਣਾ ਮੇਰੇ ਲਈ ਅਚੰਭੇ ਵਾਲੀ ਹੀ ਗੱਲ ਹੈ। ਕਿਰਪਾਲ ਸਿੰਘ ਨੇ ਰਾਗ ਬਿਰਾਗ ਵਿੱਚ ਅਲਾਪ ਨਾਲ ਸ਼ੁਰੂ ਕਰ ਝੱਪ ਤਾਲ, ਵਿਲੰਬਿਤ ਬਨਾਣੀ ਤਿੰਨ ਤਾਲ ਦੀਆ ਕੰਪੋਜੀਸ਼ਨ ਸੁਣਾਈਆ, ਉਸ ਤੋਂ ਬਾਅਦ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਕਬੀਰ ਜੀ ਦੇ ਸ਼ਬਦ ਦੀ ਕੰਪੋਜੀਸ਼ਨ ਵਜਾਈ ਅਤੇ ਪਹਿਲਾਂ ਉਸਦੇ ਬੋਲ ਬੜੇ ਸੁਰੀਲੇ ਅੰਦਾਜ ਵਿੱਚ ਗਾ ਕੇ ਸੁਨਾਏ। ਸਤਿਗੁਰੂ ਜੀ ਨੇ ਦੋਵਾਂ ਕਲਾਕਾਰਾਂ ਨੂੰ ਸਿਰੋਪਾਓ ਬਖਸ਼ਿਸ਼ ਕੀਤਾ। ਅੱਜ ਦੀ ਅਗਲੀ ਪੇਸ਼ਕਾਰੀ ਪੰਡਤ ਜੈ ਤੀਰਥ ਮੇਵੰਛੀ ਜੀ ਦੀ ਰਹੀ ਜੋ ਕਿ ਕਿਰਾਨਾ ਘਰਾਨੇ ਵਿਚੋਂ ਹਨ। ਇਨ੍ਹਾਂ ਨੇ ਗਵਾਲੀਅਰ ਘਰਾਨੇ ਦੇ ਪੰਡਤ ਅਰਜੁਨ ਸਾਨਾਕੇਡ ਅਤੇ ਕਿਰਾਨਾ ਘਰਾਨੇ ਦੇ ਪੰਡਤ ਸ੍ਰੀ ਪਤਿ ਪਾਰੇਕਰ ਜੀ ਪਾਸੋਂ ਸੰਗੀਤ ਦੀ ਤਾਲੀਮ ਹਾਸਲ ਕੀਤੀ। ਇਨ੍ਹਾਂ ਨੂੰ ਪੰਡਤ ਜਨਰਾਜ ਗੋਰਵ ਪੁਰਸਕਾਰ, ਮੈਵਾਤੀ ਘਰਾਨਾ ਸੰਗੀਤ ਪੁਰਸਕਾਰ ਪ੍ਰਾਪਤ ਹਨ। ਇਨ੍ਹਾਂ ਨਾਲ ਤਬਲੇ ਤੇ ਸੰਗਤ ਕੀਤੀ ਸ੍ਰੀ ਪੰਡਤ ਰੰਗ ਪਵਾਰ ਜੀ ਨੇ। ਰਾਗ ਮਾਰਵਾ ਵਿੱਚ ਆਪਣੀ ਪੇਸ਼ਕਾਰੀ ਸ਼ੁਰੂ ਕੀਤੀ। ਇਕ ਭਜਨ ਗਾਇਆ ਗੁਰ ਬਿਨ ਗਿਆਨ ਨਾ ਪਾਵੇ। ਫਿਰ ਰਾਗ ਜੋਗ ਵਿੱਚ ਦੋ ਬੰਦਿਸ਼ਾ ਰੂਪਕ ਤਾਲ ਤੇ ਤਰਾਨਾ ਪੇਸ਼ ਕੀਤਾ। ਅਖੀਰ ਵਿੱਚ ਉਸਤਾਦ ਅਮੀਰ ਖਾਂ ਸਾਹਿਬ ਜੀ ਦੀ ਪ੍ਰਚਲਤ ਰਚਨਾ 'ਕਬ ਘਰ ਆਓਗੇ ਓਹ ਬਲਮਾ' ਗਾਇਨ ਕੀਤਾ। ਅਖੀਰ ਵਿੱਚ ਰਾਮ ਦਾ ਗੁਣ ਗਾਣ ਕਰੀਏ ਤੇ ਵਿਸ਼ਨੂ ਭਗਵਾਨ ਦੀ ਉਸਤਤ ਕਰਦਿਆਂ ਸਮਾਪਤੀ ਕਰ ਸਤਿਗੁਰੂ ਜੀ ਪਾਸੋਂ ਸਿਰੋਪਾਓ ਪ੍ਰਾਪਤ ਕੀਤਾ। ਅੱਜ ਦੀ ਅਖੀਰਲੀ ਪੇਸ਼ਕਾਰੀ ਮਸ਼ਹੂਰ ਸਰੋਦ ਵਾਦਕ ਪੰਡਤ ਤਜਿੰਦਰ ਨਾ ਗਾਇਨ ਮਜੂਮਦਾਰ ਜੀ ਦੀ ਰਹੀ ਜਿਨ੍ਹਾਂ ਨੇ ਸੰਗੀਤ ਦਾ ਸਫ਼ਰ ਆਪਣੇ ਦਾਦਾ ਪੰਡਤ ਵਿਭੂਤੀ ਰੰਜਨ ਮਜੂਮਦਾਰ ਅਤੇ ਪਿਤਾ ਰੰਜਨ ਮਜੂਮਦਾਰ ਜੀ ਪਾਸੋਂ ਸਿਖਦਿਆਂ ਸ਼ੁਰੂ ਕੀਤੀ। ਇਸ ਤੋਂ ਇਲਾਵਾ ਪੰਡਤ ਅਮਰੇਸ਼ ਚੋਧਰੀ ਜੀ, ਪੰਡਤ ਸ਼ਮਿਲ ਪਾਇਲ ਜੀ, ਉਸਤਾਦ ਬਹਾਦਰ ਖਾਂ ਸਾਹਿਬ ਤੇ ਪੰਡਤ ਅਜੇ ਸਿਨਾ ਰਾਏ ਜੀ ਪਾਸੋਂ ਵੀ ਸਿਖਿਆ। ਇਨ੍ਹਾਂ ਨੇ 18 ਸਾਲ ਦੀ ਉਮਰ ਵਿੱਚ ਸਨ 1981 ਵਿੱਚ ਆਲ ਇੰਡੀਆ ਰੇਡੀਓ ਦੇ ਸੰਗੀਤ ਮੁਕਾਬਲੇ ਵਿੱਚ ਰਾਸਟਰਪਤੀ ਅਵਾਰਡ ਪ੍ਰਾਪਤ ਕੀਤਾ। ਪੰਡਤ ਡੀ.ਵੀ. ਪਲਪਕਰ ਅਵਾਰਡ ਪ੍ਰਾਪਤ ਹਨ। ਇਨ੍ਹਾਂ ਨੂੰ ਰਣਜੀਤ ਸਿੰਘ ਹੁਰਾਂ ਬੁਕੇ ਦੇ ਕੇ ਸਨਮਾਨਤ ਕੀਤਾ। ਇਨ੍ਹਾਂ ਨੇ ਸਰੋਦ ਵਾਦਨ ਕਰਦਿਆਂ ਰਾਗ ਕੌਮੀ ਕਾਨੜਾ ਅਲਾਪ ਜੋੜ ਅਤੇ ਝਾਲਾ ਵਜਾ ਕੇ ਸੰਗਤ ਦੀ ਵਾਹ ਵਾਹ ਲਈ। ਸਤਿਗੁਰੂ ਜੀ ਪਾਸੋਂ ਸਿਰੋਪਾਓ ਪ੍ਰਾਪਤ ਕੀਤਾ।

ਇਨ੍ਹਾਂ ਨਾਲ ਤਬਲੇ ਤੇ ਸੰਗਤ ਪੰਡਤ ਯੋਗੇਸ਼ ਸਮਸੀ ਜੀ ਨੇ ਹੀ ਕੀਤੀ। ਅੱਜ ਦੇ ਸਮਾਗਮ ਦੇ ਅਖੀਰ ਵਿੱਚ ਸਤਿਗੁਰੂ ਉਦੇ ਸਿੰਘ ਜੀ ਨੇ ਉਪਦੇਸ਼ ਕਰਦਿਆਂ ਸਾਰੇ ਕਲਾਕਾਰਾਂ ਦਾ ਨਾਮ ਲੈ ਕੇ ਉਨ੍ਹਾਂ ਦਾ ਧੰਨਵਾਦ ਕੀਤਾ ਤੇ ਬਚਨ ਕੀਤਾ ਸਾਡੇ ਨਾਲ ਸਤਿਗੁਰੂ ਜਗਜੀਤ ਸਿੰਘ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਲਈ ਤੁਸੀਂ ਸਭ ਸ਼ਾਮਲ ਹੋਏ ਇਸ ਗੱਲ ਦੀ ਬੜੀ ਖੁਸ਼ੀ ਹੈ ਸਤਿਗੁਰੂ ਜੀ ਨੇ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਦੱਸਿਆ ਕਿ ਸਤਿਗੁਰੂ ਜੀ ਸੰਗੀਤ ਨੂੰ ਇਨ੍ਹਾਂ ਪ੍ਰੇਮ ਕਰਦੇ ਸਨ ਕੇ ਜੇ ਕਦੇ ਬੜਾ ਸਫਰ ਕਰ ਕੇ ਵੀ ਆਉਣਾ ਥੱਕੇ ਹੋਣਾ ਤੇ ਸੰਗੀਤ ਦੀਆਂ ਬੈਠਕਾਂ ਵਿੱਚ ਬੈਠ ਜਾਣਾ। ਸੰਗੀਤ ਕਰਨਾ ਤੇ ਆਖਣਾ ਹੁਣ ਮੈਂ ਰਿਲੈਕਸ ਹੋ ਗਿਆ। ਇਸ ਤੋਂ ਬਾਅਦ ਸਤਿਗੁਰੂ ਜੀ ਪੰਡਤ ਜੀ ਨੂੰ ਦੱਸਿਆ ਕਿ ਕਿਸ ਤਰ੍ਹਾਂ ਸਤਿਗੁਰੂ ਜਗਜੀਤ ਸਿੰਘ ਸੰਗੀਤ ਪ੍ਰਤਿਯੋਗਿਤਾ ਦਾ ਆਰੰਭ ਹੋਇਆ ਅਤੇ ਦੇਸ਼ ਭਰ ਤੋਂ ਬਹੁਤ ਵਧੀਆਂ ਬੱਚੇ ਇਥੇ ਆਏ। ਸਤਿਗੁਰੂ ਜੀ ਨੇ ਸੰਗੀਤ ਪ੍ਰਤੀਯੋਗਿਤਾ ਅਤੇ ਸੰਮੇਲਨ ਵਿੱਚ ਸੇਵਾ ਕਰਨ ਵਾਲਿਆਂ ਕਲਾਕਾਰਾਂ ਦਾ ਤੇ ਸਰੋਤਿਆਂ ਦਾ ਸਭ ਦਾ ਧੰਨਵਾਦ ਕੀਤਾ। ਇਸ ਤਰ੍ਹਾਂ ਸੰਗੀਤ ਦਾ ਦਸਵਾਂ ਕੁੰਭ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ ਸੰਪੂਰਨ ਹੋਇਆ।

**ਹਰਪਾਲ ਸਿੰਘ ਸੋਧੀ**

## ਸ੍ਰੀ ਸਤਿਗੁਰੂ ਜੀ ਦਾ ਕੈਨੇਡਾ ਦੌਰਾ 21 ਜੁਲਾਈ ਤੋਂ 8 ਅਗਸਤ 2022 ਸਰੀ–ਐਡਮਿੰਟਨ–ਟਰਾਂਟੋ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਸਾਲ 2022 ਦੇ ਅਮਰੀਕਾ ਕੈਨੇਡਾ ਦੌਰੇ ਦੌਰਾਨ 21 ਜੁਲਾਈ ਸਵੇਰੇ ਆਸਾ ਦੀ ਵਾਰ ਦੇ ਕੀਰਤਨ ਤੱਕ ਅਮਰੀਕਾ ਦੌਰਾ ਸੰਪੂਰਨ ਕਰਕੇ ਬਾਅਦ ਦੁਪਹਿਰ ਸਿੱਖਾਂ-ਸੇਵਕਾਂ ਸਹਿਤ ਵੈਨਕੂਵਰ (ਕੈਨੇਡਾ) ਪੁੱਜੇ। Ac- 565 ਫਲਾਈਟ ਸੈਨਹੋਜ਼ੇ ਤੋਂ ਰਵਾਨਾ ਹੋ ਕੇ 2-35 ਵੈਨਕੂਵਰ ਪੁੱਜੀ। ਸ੍ਰੀ ਸਤਿਗੁਰੂ ਜੀ ਦੇ ਨਾਲ ਆਪ ਜੀ ਦੇ ਮਹਿਲ (ਮਾਤਾ ਗੁਰਸ਼ਰਨ ਕੌਰ ਜੀ, ਸੇਵਕ ਕਰਤਾਰ ਸਿੰਘ, ਹਰਪਾਲ ਸਿੰਘ, ਗੁਰਮੀਤ ਸਿੰਘ ਕੰਗ, ਸ. ਨਰਿੰਦਰ ਸਿੰਘ, ਰਛਪਾਲ ਸਿੰਘ ਖੋਪਰ, ਸੰਤ ਨਿਸ਼ਾਨ ਸਿੰਘ, ਸੁਰਿੰਦਰ ਸਿੰਘ ਆਦਿ ਆਏ। ਸ੍ਰੀ ਸਤਿਗੁਰੂ ਜੀ ਦੀ ਇੰਤਜ਼ਾਰ ਵਿੱਚ ਏਅਰ ਪੋਰਟ ਤੇ ਸਰੀ ਨਿਵਾਸੀ ਨਾਮਧਾਰੀ ਸੰਗਤ ਦਾ ਭਰਪੂਰ ਇਕੱਠ ਸੀ। ਚਾਅ ਮੱਤੀਆਂ ਦਰਸ ਪਿਆਸੀਆਂ ਸੰਗਤਾਂ ਨੇ ਜੈਕਾਰੇ ਗਜਾ ਕੇ, ਫੁੱਲਾਂ ਦੇ ਬੁੱਕੇ ਭੇਟ ਕਰਕੇ ਸ੍ਰੀ ਸਤਿਗੁਰੂ ਜੀ ਦਾ ਭਰਪੂਰ ਸਵਾਗਤ ਕੀਤਾ। ਏਅਰ ਪੋਰਟ ਤੋਂ ਸ੍ਰੀ ਸਤਿਗੁਰੂ ਜੀ ਦੀਆਂ ਗੱਡੀਆਂ ਦਾ ਕਾਫ਼ਲਾ ਸਰੀ ਵਿਖੇ ਸੂਬਾ ਬਲਬੀਰ ਸਿੰਘ ਜੀ ਦੇ ਘਰ ਪੁੱਜਿਆ। ਏਥੇ ਵੀ ਸ੍ਰੀ ਸਤਿਗੁਰੂ ਜੀ ਦੇ ਸਵਾਗਤ ਹਿੱਤ ਸੰਗਤਾਂ ਦੀ ਭਰਪੂਰ ਰੌਣਕ ਸੀ। ਸੂਬਾ ਜੀ ਦਾ ਘਰ ਸੱਜਿਆ ਸੰਵਰਿਆ ਤੇ ਸ਼ਿੰਗਾਰਿਆ ਹੋਇਆ ਸੀ, ਸਭ ਸਿਖਾਂ-ਸੇਵਕਾਂ ਨੇ ਗੁਰ-ਚਰਨ ਪਰਸੇ, ਸਤਿਗੁਰੂ-ਸੱਚੇ ਪਾਤਸ਼ਾਹ ਕਿਸੇ ਨੂੰ ਸੁਖ-ਸਾਂਦ ਪੁਛਦੇ, ਕਿਸੇ ਨਾਲ ਨਿਗਾਹ ਮਿਲਾ ਕੇ ਮੁਸਕਰਾਹਟ ਨਾਲ ਨਿਵਾਜ਼ਦੇ, ਸਭ ਤੇ ਮੇਹਰਾਂ ਕਰ ਰਹੇ ਸਨ। ਸਦਾ-ਵਿਗਾਸੀ, ਖਿੜੇ-ਖਿੜੇ ਸਤਿਗੁਰੂ-ਸੱਚੇ ਪਾਤਸ਼ਾਹ ਟਿਮ-ਟਿਮਾਉਂਦੇ ਸਿੱਖ ਸਿਤਾਰਿਆਂ ਵਿੱਚ ਚੌਧਵੀਂ ਦੇ ਚੰਨ ਵਾਂਗ ਚਮਕ ਰਹੇ ਸਨ।

ਨਾਮ-ਸਿਮਰਨ, ਸਤਿਗੁਰੂ ਸਵਾਗਤ ਅਤੇ ਸ਼ਾਮ ਦਾ ਕੀਰਤਨ- ਸਰੀ ਵਿਖੇ ਹੀ ਗੁਰੂ ਅੰਗਦ ਦੇਵ ਐਲੀਮੈਂਟਰੀ ਸਕੂਲ ਦਾ ਵਡਭਾਗਾ-ਆਂਗਨ ਸਤਿਗੁਰੂ-ਸੱਚੇਪਾਤਸ਼ਾਹ ਦੇ ਦੌਰੇ ਸਮੇਂ ਦੀਵਾਨਾ ਲਈ ਸੱਜਿਆ-ਸੰਵਰਿਆ, ਤਿਆਰ-ਬਰ ਤਿਆਰ ਸੀ। ਸ਼ਾਮੀ 5 ਤੋਂ 6 ਨਾਮ-ਸਿਮਰਨ ਹੋਇਆ, ਸ੍ਰੀ ਸਤਿਗੁਰੂ ਜੀ ਦਰਸ਼ਨ ਦਿੱਤੇ, ਨਾਮ-ਸਿਮਰਨ ਦੌਰਾਨ ਹੀ ਸੰਤ ਨਿਸ਼ਾਨ ਸਿੰਘ ਕਥਾਵਾਚਕ ਨੇ ਵਖਿਆਣ ਕੀਤਾ। ਆਪ ਨੇ ਕਥਾ ਦੌਰਾਨ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਵਲੋਂ ਖਾਲਸਾ ਪੰਥ ਦੀ ਸਾਜਨਾ ਬਾਰੇ ਅਤੇ ਖਾਲਸਾ ਸ਼ਬਦ ਦੇ ਅਰਥਾਂ ਦੀ ਭਾਵਪੂਰਤ ਵਿਆਖਿਆ ਕੀਤੀ ਅਤੇ ਖਾਲਸਾ ਪੰਥ ਵਲੋਂ ਜ਼ਾਲਮ ਦਾ ਮੂੰਹ ਮੋੜਣ ਲਈ ਕੀਤੀਆਂ ਬੇਮਿਸਾਲ ਕੁਰਬਾਨੀ ਬਾਰੇ ਜ਼ਿਕਰ ਕੀਤਾ। ਖਾਲਸਾ ਰਾਜ ਦੀ ਸਥਾਪਨਾ, ਸਿੱਖ-ਸਰਦਾਰਾਂ ਦਾ ਨਾਮ-ਬਾਣੀ ਅਤੇ ਸਿੱਖੀ ਰਹਿਤ-ਬਹਿਤ ਦਾ ਤਿਆਗ ਅਤੇ ਸਿੱਟੇ ਵਜੋਂ ਸਿੱਖ ਰਾਜ ਦੇ ਖੁੱਸ ਜਾਣ ਬਾਰੇ ਵਿਸਥਾਰ ਸਹਿਤ ਦੱਸਿਆ। ਫੇਰ ਗੁਰੂ ਜੀ ਆਪਣੀ ਖੇਤੀ, ਪੰਥ ਖਾਲਸਾ ਦੀ ਸੰਭਾਲਨਾ ਕਰਨ ਹਿੱਤ ਸਤਿਗੁਰੂ ਰਾਮ ਸਿੰਘ ਦੇ ਪ੍ਰਗਟ ਹੋਣ ਬਾਰੇ ਅਤੇ ਆਪ ਵਲੋਂ ਮੁੜ ਖਾਲਸਾ ਪੰਥ ਦੀ ਪੁਨਰ ਸੁਰਜੀਤੀ ਬਾਰੇ ਤੱਥ ਭਰਪੂਰ ਵਰਨਣ ਕੀਤਾ। ਆਪ ਨੇ ਦੱਸਿਆ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਨਾਮ-ਬਾਣੀ ਅਤੇ ਕੀਰਤਨ ਨਾਲ ਜੋੜਕੇ ਖਾਲਸੇ ਦੀ ਸ਼ਾਨ ਅਤੇ ਪਹਿਚਾਨ ਨੂੰ ਬੁਲੰਦੀਆਂ ਤੇ ਪੁਚਾਇਆ। ਨਾਮਧਾਰੀ ਪੰਥ ਦੀ ਸੰਤ-ਖਾਲਸੇ ਦੇ ਰੂਪ ਵਿੱਚ ਪਹਿਚਾਣ ਕਾਇਮ ਕੀਤੀ।

ਨਾਮ-ਸਿਮਰਨ ਦੀ ਅਰਦਾਸ ਸੂਬਾ ਬਲਬੀਰ ਸਿੰਘ ਨੇ ਕੀਤੀ। ਉਪਰੰਤ ਸ੍ਰੀ ਸਤਿਗੁਰੂ ਜੀ ਨੂੰ ਜੀਓ ਆਇਆ ਕਹਿਣ ਅਤੇ ਸਵਾਗਤ ਹਿੱਤ ਸੰਤ ਗੁਰਸੇਵ ਸਿੰਘ ਜੀ (ਪ੍ਰਧਾਨ) ਮੰਚ ਤੇ ਹਾਜ਼ਰ ਹੋਏ। ਆਪ ਨੇ ਬੜੇ ਹੀ ਸ਼ਰਧਾ, ਪ੍ਰੇਮ ਅਤੇ ਭਾਵੁਕਤਾ ਭਰੇ ਸ਼ਬਦਾਂ ਨਾਲ ਸਤਿਗੁਰੂ-ਅਭਿਨੰਦਨ ਕੀਤਾ- ਸਾਧ ਸੰਗਤ ਜੀ ਅੱਜ ਸਾਡੇ ਲਈ ਬਹੁਤ ਹੀ ਸੁਭਾਗਾ ਦਿਨ ਹੈ, ਜਦੋਂ ਅਸੀਂ ਆਪਣੇ ਪਿਆਰੇ, ਸਤਿਗੁਰਾਂ ਦੇ ਦਰਸ਼ਨ ਕਰ ਰਹੇ ਹਾਂ। ਸਭ ਤੋਂ ਪਹਿਲੋਂ ਮੈਂ ਸਾਰੀ ਸਾਧ ਸੰਗਤ ਵਲੋਂ ਸ੍ਰੀ ਸਤਿਗੁਰੂ ਜੀ ਦੇ ਚਰਨਾਂ 'ਤੇ ਸੀਸ ਝੁਕਾਉਂਦਾ ਹੋਇਆ, ਆਪ ਜੀ ਦਾ ਕੋਟਾਨ ਕੋਟ ਸ਼ੁਕਰਾਨਾ ਕਰਦਾ ਹਾਂ, ਜੋ ਆਪ ਜੀ ਸਾਡੀਆਂ ਅਰਦਾਸਾਂ ਪ੍ਰਵਾਨ ਕਰਕੇ ਦਰਸ਼ਨ ਦਿੱਤੇ ਹਨ। ਕੋਰੋਨਾ ਕਾਲ ਦੌਰਾਨ ਤਿੰਨ-ਚਾਰ ਵਰ੍ਹੇ ਦੌਰੇ ਨਾ ਹੋ ਸੱਕੇ ਕਈ ਸਿੰਘ ਦੇਸ (ਭਾਰਤ) ਜਾ ਕੇ ਵੀ ਦਰਸ਼ਨ ਕਰ ਆਏ, ਪਰ ਬਹੁਤੀ ਸੰਗਤ ਨੂੰ ਏਨੇ ਲੰਮੇ ਅਰਸੇ ਬਾਅਦ ਹੀ ਗੁਰ-ਦਰਸ਼ਨਾਂ ਦਾ ਸੁਭਾਗ ਪ੍ਰਾਪਤ ਹੋਇਆ ਹੈ। ਕੋਈ ਐਸੀ ਗੁਰੂ-ਚਰਨਾਂ ਦੀਆਂ ਪ੍ਰੇਮੀ ਰੂਹਾਂ ਐਸੀਆਂ ਹੁੰਦੀਆਂ ਹਨ ਜਿਨ੍ਹਾਂ ਕਰਕੇ ਸਾਰੀ ਸੰਗਤ ਤੇ ਬਖਸ਼ਿਸ਼ ਹੋ ਜਾਂਦੀ ਹੈ। ਇਕ ਛੋਟੀ ਜਿਹੀ ਘਟਨਾ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਦੀ ਯਾਦ ਆ ਗਈ ਹੈ, ਇਕ ਬਜ਼ੁਰਗ ਮਾਤਾ, ਨੰਦ ਕੌਰ ਜੋ ਮੇਰੇ ਨਾਨੀ ਜੀ ਲਗਦੇ ਸਨ। ਉਸ ਵੇਲੇ ਵੀ ਉਹ ਬਹੁਤ ਬਿਰਧ ਸਨ, ਸੌ ਵਰ੍ਹੇ ਦੀ ਕਰੀਬ ਉਨ੍ਹਾਂ ਆਰਜਾ ਭੋਗੀ। ਉਹ ਮਾਤਾ ਦੇ ਹੱਥ ਵਿੱਚ ਸਹਾਰੇ ਲਈ ਇਕ ਸੋਟੀ ਹੋਣੀ ਇਸਤਰ੍ਹਾਂ ਦੀ ਪ੍ਰੇਮ-ਭਿੱਜੀ ਰੂਹ ਸੀ ਕਿ ਉਹ ਮਾਈ ਭੀਲਣੀ ਵਾਂਗ ਜਾਪਣੀ, ਦਰਸ਼ਨ ਕਰਕੇ ਮਸਤਾਨੀ ਹੋਈ ਆਖੀ ਜਾਵੇ, 'ਕਰ ਲਉ ਦਰਸ਼ਨ, ਲੈ ਲਓ ਲਾਹਾ, ਰਾਮ ਚੰਦ ਜੀ ਆ ਗਏ, ਲੈ ਲਓ ਲਾਹਾਂ' ਸੋਟੀ ਜ਼ਮੀਨ ਤੇ ਮਾਰ ਕੇ ਖੜਕਾਈ ਜਾਵੇ ਅਤੇ ਇਵੇਂ ਆਖੀ ਜਾਵੇ। ਅਗਲੇ ਦਿਨ ਆਸਾ ਦੀ ਵਾਰ ਤੋਂ ਬਾਅਦ ਸਤਿਗੁਰੂ ਜੀ ਘਰ ਵਿੱਚ ਵਿਚਰ ਰਹੇ ਸਨ, ਮਾਤਾ ਨੰਦ ਕੌਰ ਦੇ ਕਮਰੇ ਅੱਗੇ ਗਏ ਤਾਂ ਬਚਨ ਕੀਤਾ: 'ਐਹੋ ਜਹੀਆਂ ਮਾਈਆਂ ਕਰਕੇ ਮੈਨੂੰ ਆਉਣਾ ਪੈਂਦਾ ਹੈ।' ਸੋ ਸਾਧ ਸੰਗਤ ਜੀ ਮੇਰਾ ਪੂਰਾ ਵਿਸ਼ਵਾਸ ਹੈ ਕਿ ਸਾਧ ਸੰਗਤ ਵਿੱਚ ਐਸੀਆਂ ਪ੍ਰੇਮ ਭਿੱਜੀਆਂ ਰੂਹਾਂ ਦੀਆਂ ਅਰਦਾਸਾਂ ਕਰਕੇ ਹੀ ਸਾਡੇ ਤੇ ਵੀ ਕਿਰਪਾ ਹੋਈ ਹੈ। ਇਹ ਸਤਿਗੁਰਾਂ ਦੀ ਫੁਲਵਾੜੀ ਹੈ, ਜਦੋਂ ਤੋਂ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਨੇ ਸਭ ਤੋਂ ਪਹਿਲੀ ਵੇਰ 1974 ਈ. 'ਚ ਦਰਸ਼ਨ ਦਿੱਤੇ, ਉਦੋਂ ਤੋਂ ਹੀ ਸੇਵਾ ਦਾ ਸੁਭਾਗ ਪ੍ਰਾਪਤ ਹੁੰਦਾ ਰਿਹਾ ਹੈ, ਆਪ ਜੀ ਦੀ ਬਖਸ਼ਿਸ਼ ਨਾਲ ਇਹ ਸਿੱਖੀ ਫੁਲਵਾੜੀ ਦੀ ਸ੍ਰੀ ਭੈਣੀ ਸਾਹਿਬ ਵਾਂਗ ਹੀ ਰੌਣਕਾਂ ਜਾਪ ਰਹੀਆਂ ਹਨ। ਹੁਣ ਅਸੀਂ ਸਤਿਗੁਰੂ ਜੀ ਦੌਰੇ ਦੇ ਸਮੇਂ ਸਤਿਗੁਰੂ-ਸੱਚੇ ਪਾਤਸ਼ਾਹ ਦੇ ਦਰਸ਼ਨ ਕਰਦਿਆਂ ਕਥਾ, ਕੀਰਤਨ, ਸਤਿਸੰਗ ਦਾ ਅਨੰਦ ਮਾਣਾਂਗੇ, ਕਿਰਪਾ ਕਰਨ ਆਪ ਜੀ ਦੇ ਚਰਨਾਂ ਨਾਲ ਸਾਡੀ ਪ੍ਰੀਤ ਬਣੀ ਰਹੇ- ਇਹੋ ਸਾਡੀ ਅਰਦਾਸ ਹੈ।

ਪ੍ਰਧਾਨ ਗੁਰਸੇਵ ਸਿੰਘ ਜੀ ਦੇ ਸਵਾਗਤੀ ਵਖਿਆਨ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸੰਗਤਾਂ ਨੂੰ ਉਪਦੇਸ਼ ਦੇਣ ਦੀ ਕਿਰਪਾ ਕੀਤਾ-

ਪਰਮ ਸਤਿਕਾਰ ਯੋਗ ਸਾਧ ਸੰਗਤ ਜੀ, ਕਰੀਬ ਤਿੰਨ ਸਾਲਾਂ ਤੋਂ ਕੁਝ ਵੱਧ ਸਮੇਂ ਬਾਅਦ ਹੀ ਆਪ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਪ੍ਰਧਾਨ ਜੀ ਨੇ ਮੇਰੇ ਵਾਸਤੇ ਬਹੁਤ ਕੁਝ ਕਿਹਾ ਹੈ। ਕਿਰਪਾ ਕਰਨ ਜੋਗੇ ਤੇ ਅਸੀਂ ਹੈ ਨਹੀਂ, ਪਰ ਜੇ ਮੰਗਨ ਜੋਗੇ ਹੀ ਬਣ ਜਾਈਏ ਤਾਂ ਉਹ ਵੀ ਬਹੁਤ ਵੱਡੀ ਗੱਲ ਹੈ। ਇਹ ਵਾਕਿਆ ਹੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੰਗਤ ਹੈ ਜੋ ਪਿਛਲੇ ਸੱਤ-ਅੱਠ ਸਾਲ ਵਿੱਚ ਏਥੇ ਬਹੁਤ ਵਧੀ ਹੈ। ਬਹੁਤ ਸਾਰੇ ਆਪਣੇ ਬੱਚੇ, ਭੈਣੀ ਸਾਹਿਬ ਤੋਂ ਜੀਵਨ ਨਗਰ ਤੋਂ, ਪੰਜਾਬ ਤੋਂ ਹੋਰ ਇਲਾਕਿਆਂ ਤੋਂ ਇਥੇ ਆ ਕੇ ਵੱਸੇ। ਜਿਵੇਂ ਤੁਸੀਂ ਆਉਂਦੇ ਹੋ, ਸੰਗਤ ਨਾਲ ਜੁੜਦੇ ਹੋ ਬਹੁਤ ਚੰਗਾ ਲਗਦਾ ਹੈ। ਅੱਜ ਸੰਤ ਨਿਸ਼ਾਨ ਸਿੰਘ ਹੁਰਾਂ ਜੋ ਕਥਾ ਸੁਣਾਈ ਕਿ ਕਿਵੇਂ ਗਿਆਨੀ ਗਿਆਨ ਸਿੰਘ ਜੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਬਾਰ ਵਿੱਚ ਆਏ, ਕਿਵੇਂ ਉਨ੍ਹਾਂ ਸਿੱਖ ਇਤਿਹਾਸ ਲਿਖਿਆ ਹੈ, ਉਨ੍ਹਾਂ ਕਿਸ ਤਰ੍ਹਾਂ ਗੁਰੂ ਬਾਲਕ ਸਿੰਘ ਜੀ ਕਥਾ ਲਿਖੀ ਹੈ। ਫੇਰ ਕਿਵੇਂ ਉਨ੍ਹਾਂ ਸਤਿਗੁਰੂ ਰਾਮ ਸਿੰਘ ਜੀ ਦੀ ਉਸਤਤ ਕੀਤੀ ਹੈ, ਇਹ ਗੁਰ-ਇਤਿਹਾਸ ਰੋਜ਼ ਚਲਦਾ ਰਹੇਗਾ, ਮੇਰਾ ਜੀਅ ਕਰਦਾ ਹੈ ਕਿ ਜਿਨਾਂ ਚਿਰ ਪੰਜ-ਸੱਤ ਦਿਨ ਏਥੇ ਰਹਿਣਾ ਹੈ, ਤੁਸੀਂ ਇਸ ਇਤਿਹਾਸ ਨੂੰ ਬੜੇ ਧਿਆਨ ਨਾਲ ਸੁਣੋ ਅਤੇ ਜੋ ਤੁਸੀਂ ਸੁਣ ਕੇ ਜਾਉ, ਉਹ ਯਾਦ ਰੱਖ ਸੱਕੋ, ਬੇਸ਼ੱਕ ਨੋਟ ਕਰ ਲਿਆ ਕਰੋ। ਸੰਤਾਂ ਨੂੰ ਪੁਛੋ, ਹਰਪਾਲ ਸਿੰਘ ਜੀ ਆਏ ਨੇ, ਉਨ੍ਹਾਂ ਨੂੰ ਪੁਛੋ ਤਾਂ ਕਿ ਤੁਹਾਨੂੰ ਇਹ ਇਤਿਹਾਸ ਦ੍ਰਿੜ ਹੋ ਸੱਕੇ ਤਾਂ ਕਿ ਸਾਡੇ ਆਉਣ ਦਾ ਵੀ ਫਾਇਦਾ ਹੋ ਸੱਕੇਗਾ। ਉਸ ਤੋਂ ਬਾਅਦ ਰੋਜ਼ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਹੋਇਆ ਕਰਨਾ ਹੈ, ਸ਼ਾਮ ਦਾ ਕੀਰਤਨ ਹੋਇਆ ਕਰਨਾ ਹੈ। ਤੁਹਾਨੂੰ ਪਤਾ ਹੋਵੇ ਕਿ ਅੱਜ ਗੁਰਬਾਣੀ ਦਾ ਕਿਹੜਾ ਸ਼ਬਦ ਪੜ੍ਹਿਆ ਹੈ, ਉਸਦਾ ਕੀ ਭਾਵ ਹੈ। ਤਾਂ ਕਿ ਇਨ੍ਹਾਂ ਛੇ-ਸੱਤਾਂ ਦਿਨਾਂ ਵਿੱਚ ਸਿੱਖੀ ਹੋਰ ਦ੍ਰਿੜ ਹੋ ਸਕੇ, ਨਾਮ ਸਿਮਰਨ ਹੋ ਸਕੇ, ਗੁਰ-ਇਤਿਹਾਸ ਸੁਣਿਆ ਜਾ ਸੱਕੇ। ਗੁਰਬਾਣੀ ਨਾਲ ਜੁੜ ਸੱਕੀਏ ਇਸ ਲਈ ਆਪਾਂ ਵੱਧ ਤੋਂ ਵੱਧ ਕੋਸ਼ਿਸ਼ ਕਰੀਏ ਤਾਂ ਕਿ ਮੇਰੇ ਆਉਣ ਦਾ, ਰਾਗੀਆਂ, ਸੰਤ ਨਿਸ਼ਾਨ ਸਿੰਘ ਦੇ ਆਉਣ ਦਾ ਫਾਇਦਾ ਹੋ ਸਕੇ। ਇਹ ਨਹੀਂ ਕਿ ਕੋਈ ਵੱਡਾ-ਛੋਟਾ ਹੈ, ਇਹ ਨਹੀਂ ਕਿ

ਅਸੀਂ ਕੋਈ ਬੜੇ ਵਿਦਵਾਨ ਹਾਂ, ਅਸੀਂ ਸਾਰੇ ਹੀ ਉਸ ਮਾਲਕ ਦੇ ਜਿਸਦੇ ਦਰਸ਼ਨ ਅਸੀਂ ਸਤਿਗੁਰੂ ਜਗਜੀਤ ਸਿੰਘ ਦੇ ਰੂਪ ਵਿੱਚ ਕੀਤੇ ਨੇ ਆਪਾਂ ਸਾਰੇ ਹੀ ਉਸ ਮਾਲਕ ਦੇ ਸੇਵਕ ਹੋ ਕੇ ਸੇਵਾ ਕਰ ਸੱਕੀਏ ਤਾਂ ਬੜੀ ਵੱਡੀ ਗੱਲ ਹੈ। ਕਿਰਪਾ ਕਰਨਾ ਬੜੀ ਵੱਡੀ ਗੱਲ ਹੈ, ਵੱਡਾ ਛੋਟਾ ਕੋਈ ਨਹੀਂ ਪਰ ਜਿਥੇ ਜਿਥੇ ਉਸ (ਸਤਿਗੁਰੂ) ਨੇ ਡਿਊਟੀ ਲਾਈ ਹੈ। ਆਪਾਂ ਸਾਰੇ ਉਨ੍ਹਾਂ ਦੀ ਸੇਵਾ ਕਰ ਸਕੀਏ।

ਅਸੀਂ ਇਹ ਵੀ ਮਹਿਸੂਸ ਕੀਤਾ ਹੈ ਕਿ ਅੱਜ ਕੱਲ ਦਿਨ ਬੜੇ ਲੰਬੇ ਨੇ, ਰਾਤਾਂ ਬੜੀਆਂ ਛੋਟੀਆਂ ਨੇ ਇਸ ਕਰਕੇ ਸਾਨੂੰ ਆਸਾ ਦੀ ਵਾਰ ਵੀ ਜਲਦੀ ਕਰਨੀ ਪੈਂਦੀ ਹੈ, ਸੋ ਤੁਸੀਂ ਇਹ ਧਿਆਨ ਰੱਖਣਾ ਹੈ ਕਿ ਛੇਤੀ ਘਰਾਂ 'ਚ ਜਾ ਕੇ ਅਰਾਮ ਕਰਕੇ ਛੇਤੀ ਆਸਾ ਦੀ ਵਾਰ ਵਿੱਚ ਵੀ ਦਰਸ਼ਨ ਦੇ ਸਕੋ, ਸ਼ਾਮ ਨੂੰ ਦੀਵਾਨ ਵਿੱਚ ਵੀ ਆ ਸਕੋ, ਅਸੀਂ ਵੱਧ ਤੋਂ ਵੱਧ ਫਾਇਦਾ ਲੈ ਸੱਕੀਏ। ਜਿਸ ਤਰ੍ਹਾਂ ਬੱਚਿਆਂ ਦੇ ਸੁਆਲ ਜੁਆਬ ਹੋਣਗੇ, ਇਸ ਤੋਂ ਬਿਨਾਂ ਜੋ ਤੁਸੀਂ ਸੁਣਨਾ ਚਾਹੋ, ਉਹ ਵੀ ਤੁਸੀਂ ਲਿਖ ਕੇ ਦੇ ਸਕਦੇ ਹੋ। ਰੂਪੇ ਨੇ ਕਿਹਾ ਕਿ ਦੋ ਹੋਰ ਬੁਲਾਰਿਆਂ ਨੇ ਜੀਓ ਆਇਆ ਆਖਣਾ ਹੈ। ਮੈਂ ਕਿਹਾ ਹੈ ਜੀਓ ਆਇਆ ਆਖਣ ਦੀ ਲੋੜ ਨਹੀਂ, ਇਹ ਸਾਧ ਸੰਗਤ ਦਾ ਘਰ ਸਾਡਾ ਆਪਣਾ ਘਰ ਹੈ, ਸੱਚੇ ਪਾਤਸ਼ਾਹ ਦਾ ਇਹ ਘਰ ਹੈ, ਇਕ ਅਪਣਤ ਹੈ, ਇਸ ਅਪਣਤ ਵਿੱਚ ਸੇਵਾ ਕਰਦੇ ਹਾਂ। ਬਹੁਤ ਖੁਸ਼ੀ ਹੈ, ਬਹੁਤ ਬੱਚੇ ਸੰਗੀਤ ਸਿਖਦੇ ਹਨ, ਪਰਸੋਂ ਸ਼ਾਮ ਨੂੰ ਉਨ੍ਹਾਂ ਦਾ ਪ੍ਰੋਗਰਾਮ ਸੁਣਾਂਗੇ, ਏਥੇ ਜਸਪਾਲ ਸਿੰਘ ਜੀ, ਦਵਿੰਦਰ ਸਿੰਘ ਜੀ, ਪਵਿੱਤਰ ਸਿੰਘ ਇਹ ਸਾਰੇ ਸੰਗੀਤ ਸਿਖਾਉਂਦੇ ਨੇ ਬੜੀ ਕਿਰਪਾ ਹੈ। ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਤੋਂ ਇਹ ਪਰੰਪਰਾ ਸਿੱਖ ਧਰਮ ਵਿੱਚ ਚਲਦੀ ਆ ਰਹੀ ਹੈ। ਪਰ ਸਾਨੂੰ ਇਸ ਸੰਗੀਤ ਦੀ, ਕੀਰਤਨ ਦੀ ਪ੍ਰੰਪਰਾ ਨਾਲ ਜੋੜਿਆ ਹੈ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਨੇ ਉਨ੍ਹਾਂ ਦੀ ਇਹ ਬਖਸ਼ੀ ਦਾਤ ਹੈ, ਉਨ੍ਹਾਂ ਦੀ ਕਿਰਪਾ ਨਾਲ ਇਹ ਵਿਰਸਾ ਨਾਮਧਾਰੀ ਸਿੱਖਾਂ ਵਿੱਚ ਸੰਭਾਲਿਆ ਹੈ ਜੋ ਦੂਜੀਆਂ ਸੰਸਥਾਵਾਂ ਵਿੱਚ ਨਹੀਂ ਮਿਲਦਾ। ਇਨ੍ਹਾਂ ਸਿੱਖਾਂ ਦੇ ਬੜੇ ਵੱਡੇ ਭਾਗ ਨੇ ਜੋ ਗੁਰਬਾਣੀ ਦੀ, ਸੰਗੀਤ ਦੀ ਸੇਵਾ ਕਰਦੇ ਨੇ।

ਮੈਂ ਦੇਖਿਆ ਹੈ ਕਿ ਇੰਗਲੈਂਡ ਵਿੱਚ ਸੱਚੇ ਪਾਤਸ਼ਾਹ ਨੇ ਸੰਗੀਤ ਰਾਹੀਂ ਕੀਰਤਨ ਰਾਹੀਂ ਬਹੁਤ ਬੱਚੇ ਆਪਣੇ ਨਾਲ ਜੋੜੇ। ਜਿਹੜੇ ਬੱਚੇ ਸੰਗੀਤ ਵੱਲ ਲਗ ਜਾਂਦੇ ਨੇ, ਉਹ ਹੋਰ ਬਹੁਤ ਮਾੜੀਆਂ ਆਦਤਾਂ ਤੋਂ ਬਚ ਜਾਂਦੇ ਨੇ। ਉਨ੍ਹਾਂ ਦਾ ਕੀਰਤਨ ਵੀ ਸੁਣਾਗੇ, ਸਪੀਚਾਂ ਵਾਲਿਆਂ ਦਾ ਵੀ ਪ੍ਰੋਗਰਾਮ ਰੱਖ ਲਵਾਂਗੇ। ਹੋਰ ਜਿਵੇਂ ਤੁਸੀਂ ਕਹੋਗੇ ਜੀਅ ਕਰਦਾ ਹੈ ਕਿ ਤੁਹਾਡੀ ਇਨਵੋਲਵਮੈਂਟ (ਸ਼ਮੂਲੀਅਤ) ਹੋਵੇ, ਉਹ ਗਲ ਬਿਲਕੁਲ ਠੀਕ ਹੈ ਜੋ ਸੱਚੇ ਪਾਤਸ਼ਾਹ ਹੁਕਮ ਕਰਦੇ ਸਨ ਕਿ ਫਿਊਚਰ (ਭਵਿੱਖ) ਨੌਜੁਆਨਾਂ ਦਾ ਹੈ। ਸੋ ਸੱਚੇ ਪਾਤਸ਼ਾਹ ਦੇ ਚਰਨਾਂ ਵਿੱਚ ਅਰਦਾਸ ਕਰਦੇ ਹਾਂ ਕਿ ਸੱਚੇ ਪਾਤਸ਼ਾਹ ਕਿਰਪਾ ਕਰੋ ਜਿੰਨੇ ਦਿਨ ਏਥੇ ਰਹਿਣਾ ਹੈ, ਆਪ ਜੀ ਦੀ ਉਸਤਤ ਹੋ ਸੱਕੇ, ਆਪ ਜੀ ਦੇ ਨਾਮ ਨਾਲ, ਆਪ ਜੀ ਦੀ ਗੁਰਬਾਣੀ ਨਾਲ ਜੁੜ ਕੇ ਆਪ ਜੀ ਦੀਆਂ ਖੁਸ਼ੀਆਂ ਲੈ ਸੱਕੀਏ। ਸਤਿ ਸ੍ਰੀ ਅਕਾਲ।

ਸਤਿਗੁਰੂ ਸੱਚੇ ਪਾਤਸ਼ਾਹ ਦੇ ਸੰਗਤਾਂ ਪ੍ਰਤੀ ਉਪਦੇਸ਼ ਉਪਰੰਤ ਹਜ਼ੂਰੀ ਰਾਗੀ ਸਿੰਘਾਂ ਅਤੇ ਸਥਾਨਕ ਰਾਗੀ ਸਿੰਘਾਂ: ਸੰਤ ਬਲਵੰਤ ਸਿੰਘ, ਬਸੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ, ਦਵਿੰਦਰ ਸਿੰਘ, ਪਵਿੱਤਰ ਸਿੰਘ, ਹਰਸਾ ਸਿੰਘ, ਗਿਆਨ ਸਿੰਘ, ਪਿਆਰਾ ਸਿੰਘ ਆਦਿ ਨੇ ਮਿਲ ਕੇ ਰਸ-ਭਿੰਨਾ ਕੀਰਤਨ ਕੀਤਾ: ਸ਼ਬਦ ਗਾਇਨ ਕੀਤੇ- ਬਲਵੰਤ ਸਿੰਘ ਨੇ ਕਿਹਾ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਸਿੱਖਿਆ ਬਿਸਰਿ ਗਈ ਸਭ ਤਾਤਿ ਪਰਾਈ ਜਬ ਤੇ ਸਾਧਸੰਗਤਿ ਮੋਹਿ ਪਾਈ॥ ॥ ਪੁਰਾਤਨ ਰਬਾਬੀ ਰੀਤਾਂ ਚੋਂ ਨਾਲ ਸ਼ਬਦ ਗਾਇਨ ਕੀਤਾ। ਸੂਬਾ ਬਲਬੀਰ ਸਿੰਘ ਜੀ ਨੇ ਕੀਰਤਨ ਸੰਪੂਰਨਤਾ ਦੀ ਅਰਦਾਸ ਕੀਤੀ। ਉਪਰੰਤ ਏਥੇ ਹੀ ਲੰਗਰ ਵਰਤਿਆ। ਅਗਲੇ ਦਿਨ ਆਸਾ ਦੀ ਵਾਰ ਦੇ ਕੀਰਤਨ ਵਿੱਚ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਦਰਸ਼ਨ ਕਰਨ ਦੀ ਆਸ ਨਾਲ ਸੰਗਤਾਂ ਘਰੋਂ ਘਰੀਂ ਪਰਤੀਆਂ। ਜਿਵੇਂ ਸ੍ਰੀ ਸਤਿਗੁਰੂ ਜੀ ਦੇ ਨਿਊਯਾਰਕ ਤੋਂ ਆਰੰਭ ਹੋਏ ਇਸ ਦੌਰੇ ਵਿੱਚ ਦੂਰ-ਦੁਰਾਡੇ ਦੇਸ਼ਾਂ ਦੇ ਸਿੱਖ ਵੀ ਆ ਕੇ ਗੁਰੂ-ਦਰਸ਼ਨਾਂ ਦਾ ਅਨੰਦ ਮਾਣਦੇ ਅਤੇ ਦੌਰੇ ਦੀ ਰੌਣਕ ਵਧਾ ਰਹੇ ਹਨ। ਅੱਜ ਵੈਨਕੂਵਰ ਕੈਨੇਡਾ ਪੁੱਜਣ ਤੇ ਸ਼ਾਮਲ ਹੋਵੇ ਵਿਸ਼ੇਸ਼ ਗੁਰਮੁਖਾਂ ਵਿੱਚ: ਭਾਰਤ ਤੋਂ ਆਏ ਭਗਵੇਂ ਬਸਤਰ ਵਾਲੇ ਸਾਧੂ ਸੰਤ ਬਲਬੀਰ ਸਿੰਘ ਜੀ ਵੀ ਦੀਵਾਨ ਵਿੱਚ ਆਏ ਨਤਮਸਤਕ ਹੋਏ। ਇਹ ਸੰਤ ਜੀ ਬੜੇ ਨਿਰਮਾਣ, ਮਿੱਠ ਬੋਲੜੇ ਅਤੇ ਸਾਧਕ ਪੁਰਸ਼ ਹਨ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਦੇ ਸਮੇਂ ਕਰੀਬ 1992-93 ਤੋਂ ਗੁਰ-ਚਰਨਾਂ ਨਾਲ ਜੁੜੇ ਹੋਏ ਹਨ। ਨਾਮਧਾਰੀ ਸਿੰਘਾਂ ਵਿਚੋਂ ਬ੍ਰਿਸਬਿਨ (ਆਸਟਰੇਲੀਆ ਤੋਂ ਸੂਬਾ ਸਤਨਾਮ ਸਿੰਘ ਜੀ ਕੈਲਗਰੀ ਤੋਂ ਜਸਪਿੰਦਰ ਸਿੰਘ ਅਤੇ ਆਇਰਲੈਂਡ ਤੋਂ ਪਰਮਜੀਤ ਸਿੰਘ ਨਿਓਟੇ ਵੀ ਗੁਰ ਦਰਬਾਰ ਵਿੱਚ ਹਾਜ਼ਰ ਹੋਏ। ਸ. ਹਰਜਿੰਦਰ ਸਿੰਘ ਸੰਤੂਰਵਾਦਕ ਇੰਗਲੈਂਡ ਤੋਂ ਪੁੱਜੇ ਹਨ।

**22 ਜੁਲਾਈ: ਸ਼ੁਕਰਵਾਰ ਸਰੀ (ਕੈਨੇਡਾ)**

ਢੇਰ ਚਿਰ ਪਿਛੋਂ ਪ੍ਰਾਪਤ ਹੋਏ ਗੁਰ-ਦਰਸ਼ਨਾਂ ਦਾ ਸ਼ੁਕਰਾਨਾ ਕਰਦਿਆਂ ਅੱਜ ਸ਼ੁਕਰਵਾਰ ਦੀ ਅਰੰਭਤਾ ਅੰਮ੍ਰਿਤ ਵੇਲੇ ਸ੍ਰੀ ਸਤਿਗੁਰੂ ਜੀ ਦੇ ਸਨਮੁਖ ਤੰਤੀ ਸਾਜਾਂ ਨਾਲ 'ਹਰਿ

ਅੰਮ੍ਰਿਤ ਭਿੰਨੇ ਲੋਇਣਾ ਮਨੁ ਪ੍ਰੇਮਿ ਰਤੰਨਾ ਰਾਮ ਰਾਜੇ।' ਇਲਾਹੀ ਬਾਣੀ ਅਤੇ ਰੱਬੀ ਰਾਗ ਦੇ ਸੁਮੇਲ ਨਾਲ ਹੋਈ- ਤੜਕੇ ਚਾਰ ਵਜੇ ਤੋਂ ਸੂਰਜ ਉਦੈ ਤੱਕ ਆਸਾ ਦੀ ਵਾਰ ਦਾ ਕੀਰਤਨ ਹੋਇਆ। ਇਥੇ ਸਰੀ ਵਿਖੇ ਗੁਰੂ ਅੰਗਦ ਦੇਵ ਐਲੀਮੈਂਟਰੀ ਸਕੂਲ ਦਾ ਹਾਲ ਵੀ ਸ੍ਰੀ ਭੈਣੀ ਸਾਹਿਬ ਦੇ ਹਰੀ ਮੰਦਰ ਵਰਗਾ ਅਤੇ ਸੰਗਤਾਂ ਨਾਲ ਭਰਪੂਰ ਹੈ। ਇਸਦੇ ਨਾਲ-ਨਾਲ ਕੀਰਤਨ ਵਾਲੇ ਜਥੇ ਦੇ ਗੁਰਮੁਖ ਪਿਆਰੇ ਰਾਗੀ ਸਿੰਘਾਂ ਦੀ ਗਿਣਤੀ ਵੀ ਦੂਣੀ ਤੋਂ ਵੱਧ ਹੋ ਗਈ ਹੈ। ਸ੍ਰੀ ਭੈਣੀ ਸਾਹਿਬ ਤੋਂ ਆਏ ਹਜ਼ੂਰੀ ਰਾਗੀ ਸੰਤ ਬਲਵੰਤ ਸਿੰਘ, ਬਸੰਤ ਸਿੰਘ ਅਤੇ ਸ੍ਰੀ ਹਰਪ੍ਰੀਤ ਸਿੰਘ ਸੋਨੂੰ ਜੀ ਤੋਂ ਬਿਨਾਂ ਸਥਾਨਕ ਰਾਗੀ ਸਿੰਘ ਦਵਿੰਦਰ ਸਿੰਘ, ਪਵਿੱਤਰ ਸਿੰਘ ਤਾਰ ਸ਼ਹਿਨਾਈ ਨਾਲ ਸ. ਹਰਜਿੰਦਰ ਸਿੰਘ ਸੰਤੂਰ ਵਾਦਕ, ਨਵੇਂ ਸਿਖਿਆਰਥੀ ਕਾਕਾ ਗਿਆਨ ਸਿੰਘ, ਕਾਕਾ ਦਇਆ ਸਿੰਘ, ਨੌਜੁਆਨ ਹਰਸਾ ਸਿੰਘ ਅਤੇ ਪਿਆਰਾ ਸਿੰਘ ਵੀ ਕੀਰਤਨ ਮੰਚ ਤੇ ਹਜ਼ੂਰ ਸਨ।

ਆਸਾ ਦੀ ਵਾਰ ਦੇ ਕੀਰਤਨ ਦੀ ਸੰਪੂਰਨਤਾ ਦੀ ਅਰਦਾਸ ਉਪਰੰਤ ਮੰਚ ਤੋਂ ਸ. ਗੁਰਨਾਮ ਸਿੰਘ (ਹੋਠੀਆਂ ਵਾਲੇ) ਸੰਬੋਧਨ ਹੋਏ। ਆਪ ਨੇ ਅੱਜ ਬੱਚਿਆਂ ਦੇ ਸ਼ਬਦ ਗਾਇਨ ਆਰੰਭ ਕਰਨ ਤੋਂ ਪਹਿਲਾਂ ਗੁਰ-ਦਰਬਾਰ ਦੀ ਸੋਭਾ ਅਤੇ ਗੁਰ-ਦਰਸ਼ਨਾਂ ਦਾ ਸ਼ੁਕਰਾਨਾ ਕਰਦਿਆਂ ਕਿਹਾ: ਸਤਿਗੁਰੂ ਸੱਚੇ ਪਾਤਸ਼ਾਹ ਸਾਨੂੰ ਦੂਰ-ਵੱਸਦੇ ਦਰਸ਼ਨ ਪਿਆਸਿਆਂ ਨੂੰ ਏਨੀਂ ਖੇਚਲ ਕਰਕੇ ਆਪ ਆ ਕੇ ਨਿਵਜ਼ਦੇ ਹਨ ਜਿਵੇਂ ਅੰਮ੍ਰਿਤ ਨੀਰ ਭਰੀ ਨਦੀ ਕਿਸੇ ਰੇਗਿਸਤਾਨ ਵਿੱਚ ਜਾ ਕੇ ਉਸਨੂੰ ਹਰਿਆ ਭਰਿਆ ਕਰ ਦੇਂਦੀ ਹੈ। ਇਹ ਧਰਤੀ ਵੀ ਸੁਭਾਗੀ ਹੈ ਅਤੇ ਅਸੀਂ ਸਿੱਖ ਵੀ ਵਡਭਾਗੇ ਹਾਂ- ਜਿਨ੍ਹਾਂ ਨੂੰ ਗੁਰ ਦਰਸ਼ਨ ਦਾ ਸੁਭਾਗ, ਅਮੋਲਕ ਦਾਤ ਨਾਮ-ਸਿਮਰਨ ਕਰਨ ਦਾ ਸਮਾਂ ਅਤੇ ਇਲਾਹੀ ਗੁਰਬਾਣੀ ਦੇ ਕੀਰਤਨ ਸੁਣਨ ਦਾ ਸਮਾਂ ਪ੍ਰਾਪਤ ਹੋ ਰਿਹਾ ਹੈ- ਮੈਂ ਆਸਾ ਦੀ ਵਾਰ ਦਾ ਕੀਰਤਨ ਸੁਣਦਿਆਂ ਸੋਚ ਰਿਹਾ ਸੀ ਕਿ ਸੂਰਜ ਪ੍ਰਕਾਸ਼ ਵਿੱਚ ਭਾਈ ਸੰਤੋਖ ਸਿੰਘ ਜੀ ਨੇ ਇਕ ਪ੍ਰਸੰਗ ਲਿਖਿਆ ਹੈ। ਜਦੋਂ ਪੰਚਮ ਪਾਤਸ਼ਾਹ ਸਤਿਗੁਰੂ ਅਰਜਨ ਦੇਵ ਜੀ ਗੁਰਬਾਣੀ ਸੰਗ੍ਰਹਿ ਕਰਕੇ ਪੋਥੀ ਸਾਹਿਬ (ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ) ਦੀ ਸੰਪਾਦਨਾ ਕਰ ਰਹੇ ਸਨ ਤਾਂ ਗੁਰ-ਦਰਬਾਰ ਵਿੱਚ ਭੱਟ ਆਏ ਉਨ੍ਹਾਂ ਨੇ ਗੁਰ ਦਰਬਾਰ ਦਾ ਬਹੁਤ ਸੁੰਦਰ ਵਰਨਣ ਕੀਤਾ ਹੈ ਲਿਖਦੇ ਹਨ ਕਿ ਸਚਖੰਡ ਵਿੱਚ ਭਗਵਾਨ ਦੇ ਹਜ਼ੂਰ ਗਾਉਣ ਵਾਲੇ ਗੰਧਰਭ ਮਾਨਸ ਰੂਪ ਧਾਰਨ ਕਰਕੇ ਗੁਰੂ ਅਰਜਨ ਦੇਵ ਦੇ ਹਜ਼ੂਰੀ ਰੱਬੀ ਬਾਣੀ ਦਾ ਗਾਇਨ ਕਰਦੇ ਹਨ। ਅੱਜ ਇਨ੍ਹਾਂ ਰਾਗੀ ਸਿੰਘਾਂ ਦਾ ਕੀਰਤਨ ਸੁਣਦਿਆਂ ਇਉਂ ਹੀ ਮਹਿਸੂਸ ਹੋ ਰਿਹਾ ਸੀ ਕਿ ਇਹ ਰਾਗੀ ਉਹੋ ਹੀ ਭਗਵਾਨ ਦੇ ਦਰਬਾਰ ਦੇ ਗੰਧਰਭ ਹਨ, ਜੋ ਐਸਾ ਰਸ-ਭਿੰਨਾ ਕੀਰਤਨ ਕਰਕੇ ਆਪਣੇ ਭਗਵਾਨ ਸਤਿਗੁਰੂ ਨੂੰ ਰਿਝਾ ਰਹੇ ਅਤੇ ਦੇਵ ਰੂਪ ਸੰਗਤਾਂ ਨੂੰ ਨਿਹਾਲ ਕਰ ਰਹੇ ਸਨ। ਸਾਧ ਸੰਗਤ ਜੀ ਮੈਂ ਬੇਨਤੀ ਕਰਦਾ ਹਾਂ ਕਿ ਸਾਡੇ ਪਿਤਾ (ਸੂਬਾ ਕਰਤਾਰ ਸਿੰਘ) ਜੀ ਸਾਨੂੰ ਸਿੱਖਿਆ ਦਿਆ ਕਰਦੇ ਸਨ ਕਿ ਸਿੱਖੀ ਵਿੱਚ ਸਭ ਤੋਂ ਜ਼ਰੂਰੀ ਹੈ- ਗੁਰੂ ਦਾ ਭਉ ਮਨ ਵਿੱਚ ਰੱਖਣਾ, ਸਤਿਗੁਰੂ ਰਾਮ ਸਿੰਘ ਜੀ ਵੀ ਆਪਣੇ ਰਹਿਤਨਾਮੇ ਵਿੱਚ ਹੁਕਮ ਕੀਤਾ ਹੈ- 'ਸਦਾ ਗੁਰੂ ਗੁਰੂ ਜੱਪਣਾ, ਖੌਫ਼ ਰਖਣਾ ਗੁਰੂ ਦਾ ਹਰਿ ਦਮ।' ਇਹ ਨਿਰਮਲ ਭਉ ਡਰ ਇਸ ਗੱਲ ਦਾ ਕਿ ਮੇਰੇ ਤੋਂ ਐਸਾ ਕਰਮ ਨਾ ਹੋਵੇ, ਕੋਈ ਐਸੀ ਅਵੱਗਿਆ ਨਾ ਹੋਵੇ, ਮਤਾਂ ਮੇਰਾ ਗੁਰੂ ਨਰਾਜ ਹੋ ਜਾਵੇ। ਸੱਚੇ ਪਾਤਸ਼ਾਹ ਸਾਨੂੰ ਇਹ ਸੁਭਾਗ ਸਮਾਂ ਬਖ਼ਸ਼ਿਆ ਹੈ। ਅਸੀਂ ਸਾਰੇ ਇਨ੍ਹਾਂ ਦਿਨਾਂ ਵਿੱਚ ਸੇਵਾ-ਸਿਮਰਨ ਕਰਦਿਆਂ- ਕਥਾ, ਕੀਰਤਨ ਸੁਣਦਿਆਂ ਗੁਰ-ਦਰਸ਼ਨ ਕਰਕੇ ਵੱਧ ਤੋਂ ਵੱਧ ਲਾਹਾ ਲਈਏ। ਹੁਣ ਏਥੋਂ ਦੇ ਕੁਝ ਬੱਚੇ ਸਾਮੂਹਿਕ ਤੌਰ ਤੇ ਪਹਿਲਾਂ ਇਕ ਗੀਤ ਅਤੇ ਫੇਰ ਹੱਲੇ ਦਾ ਇਕ ਸ਼ਬਦ ਗਾਇਨ ਕਰਕੇ ਬੜੇ ਹੀ ਬੀਬੇ ਬੱਚੇ ਹਨ। ਗਰੀਬ ਨਿਵਾਜ਼ ਇਵੇਂ ਹੀ ਕਿਰਪਾ ਰੱਖੋ ਇਹ ਬੱਚੇ ਪੜ੍ਹਦਿਆਂ, ਕਾਰ-ਵਿਹਾਰ ਸਿਖਦਿਆਂ, ਕਰਦਿਆਂ ਏਸੇ ਤਰ੍ਹਾਂ ਹੀ ਕੀਰਤਨ ਕਰਦੇ ਰਹਿਣ ਅਤੇ ਸਿੱਖੀ ਵਿੱਚ ਪ੍ਰਪੱਕ ਰਹਿਣ। ਬੱਚੇ-ਬੱਚੀਆਂ: ਸੰਦੀਪ ਕੌਰ, ਅਮਰ ਕੌਰ, ਪਵਿੱਤਰ ਕੌਰ ਅਤੇ ਬਿਹਾਰਾ ਸਿੰਘ, ਬਲਕਾਰ ਸਿੰਘ, ਪਿਆਰਾ ਸਿੰਘ ਨੇ ਹਾਰਮੋਨੀਅਮ, ਤਾਰ ਸ਼ਹਿਨਾਈ ਅਤੇ ਤਬਲੇ ਨਾਲ ਹਰਪਾਲ ਸਿੰਘ ਸੋਧੀ ਦਾ ਲਿਖਿਆ ਬਹੁਤ ਹੀ ਪਿਆਰਾ ਗੀਤ ਗਾਇਆ ਗੀਤ ਦਾ ਮੁਖੜਾ ਹੈ-

ਚੰਨ ਜੇਹੇ ਮੁੱਖ ਦੀਆਂ ਦਰਸ ਖੁਮਾਰੀਆਂ।
ਗੁਰੂ ਜਗਜੀਤ ਦੀਆਂ ਯਾਦਾ ਨੇ ਪਿਆਰੀਆਂ।

ਉਪਰੰਤ ਢੋਲਕ ਛੈਣਿਆਂ ਨਾਲ ਹੱਲੇ ਦੀ ਰੀਤ ਵਿੱਚ ਨੌਜੁਆਨਾਂ ਨੇ ਸ਼ਬਦ ਗਾਇਨ ਕੀਤਾ। ਹਰਮੋਨੀਅਮ ਤੇ ਨੌਜੁਆਨ ਜਥੇਦਾਰ ਬਿਹਾਰਾ ਸਿੰਘ, ਢੋਲਕ ਅਤੇ ਗੰਗਾ ਸਿੰਘ ਅਤੇ ਛੈਣਿਆਂ ਨਾਲ ਹਰਸਾ ਸਿੰਘ, ਬਲਕਾਰ ਸਿੰਘ ਇਸ ਸ਼ਬਦ ਦੇ ਗਾਇਨ ਨਾਲ ਹੀ ਸਵੇਰ ਦੇ ਪ੍ਰੋਗਰਾਮ ਦਾ ਸਮਾਪਨ ਹੋਇਆ। ਏਥੇ ਨੇੜੇ ਹੀ ਲੰਗਰ ਹਾਲ ਵਿੱਚ ਸੰਗਤਾਂ ਨੇ ਪ੍ਰਸ਼ਾਦਾ ਪਾਣੀ ਛਕਿਆ। ਸ੍ਰੀ ਸਤਿਗੁਰੂ ਜੀ ਨੇ ਡੇਰੇ ਸੂਬਾ ਬਲਬੀਰ ਸਿੰਘ ਜੀ ਦੇ ਗ੍ਰਹਿ ਵਿਖੇ ਲੰਗਰ ਛਕਿਆ।

ਸ਼ਾਮ ਨੂੰ 6 ਤੋਂ 7 ਵਜੇ ਤੱਕ ਨਾਮ ਸਿਮਰਨ ਦੌਰਾਨ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਸੰਗਤ ਦੀ ਭਰਪੂਰ ਹਾਜ਼ਰੀ ਸੀ। ਅੱਜ 8 ਵੇਂ ਪਾਤਸ਼ਾਹ ਬਾਲ-ਗੁਰੂ, ਸਤਿਗੁਰੂ ਹਰਿ ਕ੍ਰਿਸ਼ਨ ਜੀ ਦਾ ਪ੍ਰਕਾਸ਼ ਪੁਰਬ ਹੈ। ਸੰਤ ਨਿਸ਼ਾਨ ਸਿੰਘ ਜੀ ਨੇ ਗੁਰੂ ਸਾਹਿਬ ਦੇ ਜੀਵਨ ਬਾਰੇ ਵਿਧਵਤਾ ਭਰਪੂਰ ਕਥਾ ਕੀਤੀ।

ਆਪਦੀ ਕਥਾ ਦਾ ਸੰਖੇਪ ਸਾਰ ਪਾਠਕਾਂ ਨਾਲ ਸਾਂਝਾਂ ਕਰਦਾ ਹਾਂ: ਅਸੀਂ ਸਾਰੇ ਹੀ ਸਿੱਖ ਦਸਮ ਪਾਤਸ਼ਾਹ ਦੇ ਸ੍ਰੀ ਮੁਖਵਾਕ ਰੋਜ਼ਾਨਾ ਦੀ ਅਰਦਾਸ ਵਿੱਚ ਦੁਹਰਾਉਂਦੇ ਹਾਂ। ਸ੍ਰੀ ਹਰਿ ਕ੍ਰਿਸ਼ਨ ਧਿਆਈਐ ਜਿਸੁ ਡਿਠੇ ਸਭਿ ਦੁਖਿ ਜਾਇ॥

ਬਾਲ ਗੁਰੂ, ਸਤਿਗੁਰੂ ਹਰਿ ਕ੍ਰਿਸ਼ਨ ਜੀ ਨੇ ਦਿੱਲੀ ਵਿੱਚ ਆਪਣੇ ਚਰਨਾਮ੍ਰਿਤ ਨਾਲ ਅਨੇਕਾਂ ਰੋਗੀਆਂ ਦੇ ਦੁਖ ਦੂਰ ਕੀਤੇ। ਕਿਤੇ ਆਪ ਨੇ ਗੂੰਗੇ-ਬੋਲੇ ਝੀਵਰ ਤੋਂ ਗੀਤਾ ਦੇ ਅਰਥ ਕਰਵਾ ਕੇ ਪੰਡਿਤ ਦੀ ਸ਼ੰਕਾ ਦੂਰ ਕੀਤੀ, ਕਦੇ ਗੋਲੀ ਦੇ ਭੇਸ ਵਿੱਚ ਬੈਠੀ ਰਾਜੇ ਜੈ ਸਿੰਘ ਦੀ ਰਾਣੀ ਦੇ ਸਿਰ ਤੇ ਸੋਟੀ ਰੱਖ ਆਖਿਆ- ਐਹ ਰਾਣੀ ਹੈ। ਅਜੇਹੇ ਅਨੇਕਾਂ ਅਲੌਕਿਕ ਕੌਤਕ ਹਨ ਜੋ ਗੁਰੂ ਸਾਹਿਬ ਨੂੰ ਉਸੇ ਅਖੰਡ ਜੋਤ ਦਾ ਸਮਰੱਥ ਸਤਿਗੁਰੂ ਸਿੱਧ ਕਰਦੇ ਹਨ ਜਿਸ ਬਾਰੇ ਦਸਮ ਪਾਤਸ਼ਾਹ ਲਿਖਦੇ ਹਨ। ਜਿਮੀਂ ਜਮਾਨ ਕੇ ਬਿਖੈ ਸਮਸਤ ਏਕ ਜੋਤ ਹੈ॥ ਨ ਘਾਟ ਹੈ ਨਾ ਬਾਢ ਹੈ ਨ ਘਾਟ ਬਾਢ ਹੋਤ ਹੈ॥ ਇਕ ਪਾਸੇ ਗੁਰੂ ਸਾਹਿਬ ਦੀ ਜੀਵਨ ਲੀਲ੍ਹਾ ਵਿੱਚ ਅਨੇਕ ਕਰਾਮਾਤਾਂ ਹਨ ਅਤੇ ਦੂਸਰੇ ਪਾਸੇ ਔਰੰਗਜੇਬ ਦੇ ਕਹਿਣ ਤੇ ਕਰਮਾਤ ਤਾਂ ਕੀ ਵਿਖਾਉਣੀ, ਆਪ ਉਸ ਹੰਕਾਰੀ ਤੇ ਜ਼ਾਲਮ ਤੁਰਕ ਦੇ ਮੱਥੇ ਨਹੀਂ ਲਗਦੇ। ਗੁਰੂ ਤੇਗ ਬਹਾਦਰ ਜੀ ਬਾਦਸ਼ਾਹ ਦੇ ਕਹਿਣ ਤੇ ਨਾ ਈਨ ਮੰਨਦੇ ਹਨ ਨਾ ਕਰਾਮਾਤ ਵਿਖਾਉਂਦੇ ਹਨ ਤੇ ਸ਼ਹੀਦ ਹੋਣਾ ਪ੍ਰਵਾਨ ਕਰਦੇ ਹਨ। ਇਕ ਪਾਸੇ 8 ਵੇਂ ਪਾਤਸ਼ਾਹ ਦੇ ਚਰਨਾਂਮ੍ਰਿਤ ਨਾਲ ਚੇਚਕ ਦੇ ਹਜ਼ਾਰਾਂ ਰੋਗੀ ਠੀਕ ਹੁੰਦੇ ਹਨ। ਦੂਸਰੇ ਪਾਸੇ ਆਪ ਭਾਣੇ ਨੂੰ ਮਿੱਠਾ ਕਰਕੇ ਮੰਨਦੇ ਅਤੇ ਚੇਚਕ ਦੇ ਰੋਗ ਨਾਲ ਹੀ ਦੇਹ ਤਿਆਗਦੇ ਹਨ। ਕਾਰਣ ਹੈ ਕਿ ਗੁਰੂ ਘਰ ਵਿੱਚ ਕਰਾਮਾਤਾਂ ਸਹਿਜ ਭਾਵ ਨਾਲ ਵਾਪਰਦੀ ਹੈ। ਜੋ ਸ਼ਰਧਾ, ਪ੍ਰੇਮ ਅਤੇ ਭਗਤੀ ਦੀ ਮਧਾਣੀ ਨਾਲ ਰਿੜਕਣ ਤੇ ਮੱਖਣ ਵਾਂਗ ਤਰ ਕੇ ਸਾਹਮਣੇ ਆ ਜਾਂਦੀ ਹੈ। ਕਰਾਮਾਤ ਤਾਂ ਆਪ ਮੁਹਾਰੇ ਵਾਪਰਦੀ ਹੈ। ਪਰ ਆਪਣੀ ਪ੍ਰਭੁਤਾ ਦਾ ਪਰਦਰਸ਼ਨ ਕਰਨ ਲਈ, ਕਿਸੇ ਨੂੰ ਨੀਵਾਂ ਵਿਖਾਉਣ ਲਈ ਕਿਸੇ ਲਾਲਚ ਜਾਂ ਕਿਸੇ ਤੋਂ ਡਰ ਕੇ ਕਰਾਮਾਤ ਵਿਖਾਉਣੀ ਗੁਰੂ ਘਰ ਵਿੱਚ ਪ੍ਰਵਾਨ ਨਹੀਂ ਕਰਾਮਾਤ ਦੇ ਅਜੇਹੇ ਪਰਦਰਸ਼ਨ ਨੂੰ ਗੁਰੂ ਸਾਹਿਬ ਕਹਿਰ ਆਖਦੇ ਹਨ। ਗੁਰੂ ਹਰਿ ਕ੍ਰਿਸ਼ਨ ਜੀ ਨੇ ਦੇਹ ਤਿਆਗਣ ਤੋਂ ਪਹਿਲਾਂ ਬਾਬਾ ਬਸਹਿ ਜਿ ਗਰਾਮ ਬਕਾਲੇ॥ ਬਨ ਗੁਰ ਸੰਗਤ ਸਰਬ ਸਮਾਲੇ॥ ਬਚਨ ਕਰਕੇ ਗੁਰੂ ਤੇਗ ਬਹਾਦਰ ਜੀ ਨੂੰ ਗੁਰਗੱਦੀ ਅਰਪਨ ਕੀਤੀ। ਗੁਰੂ ਨਾਨਕ ਦੇਵ ਜੀ ਦੀ ਅਰੰਭੀ ਰਾਜ-ਜੋਗ ਗੱਦੀ ਦੀਨ ਅਤੇ ਦੁਨੀਆਂ ਦੀ ਭਗਤੀ ਅਤੇ ਸ਼ਕਤੀ ਦੀਆਂ ਬਰਕਤਾਂ ਕਰਮਾਤਾਂ ਅਤੇ ਸ਼ਕਤੀਆਂ ਨਾਲ ਸੰਪੂਰਨ ਗੁਰ ਪੀੜ੍ਹੀ ਹੈ। ਇਸ ਗੁਰਗੱਦੀ ਦੇ ਵਾਰਸ ਆਦਿ ਗੁਰੂ ਸਤਿਗੁਰੂ ਨਾਨਕ ਦੇਵ ਜੀ ਨੂੰ ਜਗਤ ਗੁਰ-ਬਾਬਾ ਕਿਹਾ ਜਾਂਦਾ ਹੈ, ਜਿਨ੍ਹਾਂ ਨੂੰ ਇਕ ਦੂਸਰੇ ਦੇ ਵਿਰੋਧੀ ਧਰਮਾਂ ਨੇ ਆਪਣਾ ਗੁਰੂ ਅਤੇ ਪੀਰ ਮੰਨਿਆ। 'ਨਾਨਕ ਸ਼ਾਹ ਫਕੀਰ ਹਿੰਦੂਓਂ ਕੇ ਗੁਰੂ ਮੁਸਲਮਾਨੋਂ ਕੇ ਪੀਰ॥ ਸਤਿਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਨੇ ਉਦਾਸੀ ਸੰਪਰਦਾ ਸ਼ੁਰੂ ਕੀਤੀ, ਆਪ ਛੇਵੇਂ ਗੁਰੂ, ਸਤਿਗੁਰੂ ਹਰਿ ਗੋਬਿੰਦ ਸਿੰਘ ਜੀ ਦੇ ਸਮੇਂ ਤੱਕ ਰਹੇ ਅਤੇ ਸਾਰੇ ਹੀ ਸਤਿਗੁਰੂ ਸਾਹਿਬਾਨ, ਬਾਬਾ ਸ੍ਰੀ ਚੰਦ ਜੀ ਦਾ ਬਹੁਤ ਅਦਬ ਕਰਦੇ ਸਨ। ਜਦੋਂ ਬਾਬਾ ਸ੍ਰੀ ਚੰਦ ਜੀ, ਗੁਰੂ ਹਰਿ ਗੋਬਿੰਦ ਜੀ ਪਾਸ ਆਏ ਤਾਂ ਆਪ ਨੇ ਕਿਹਾ, ਮੈਨੂੰ ਆਪਣਾ ਇਕ ਪੁੱਤਰ ਦਿਉ ਜੋ ਮੇਰੀ ਸੇਵਾ ਕਰੇ ਅਤੇ ਮੇਰੇ ਤੋਂ ਬਾਅਦ ਉਦਾਸੀ ਸੰਪਰਦਾ ਦਾ ਮੁਖੀ ਬਣੇ। ਗੁਰੂ ਸਾਹਿਬ ਨੇ ਕਿਹਾ ਜਿਹੜਾ ਪੁੱਤਰ ਤੁਹਾਨੂੰ ਪ੍ਰਵਾਨ ਹੈ ਉਹੀ ਤੁਹਾਨੂੰ ਭੇਂਟ ਕਰਾਂਗੇ ਤਾਂ ਬਾਬਾ ਜੀ ਨੇ ਗੁਰੂ ਸਾਹਿਬ ਦੇ ਵੱਡੇ ਸਪੁੱਤਰ ਬਾਬਾ ਗੁਰਦਿੱਤਾ ਜੀ ਨੂੰ ਮੰਗ ਲਿਆ। ਇਸ ਤਰ੍ਹਾਂ ਬਾਬਾ ਗੁਰਦਿੱਤਾ ਜੀ ਬਾਰੇ ਕਿਹਾ ਜਾਂਦਾ ਹੈ- ਬਾਬਾ ਗੁਰਦਿੱਤਾ, ਦੀਨ-ਦੁਨੀ ਦਾ ਟਿੱਕਾ ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੀ ਸਿੱਖੀ ਅਤੇ ਉਦਾਸੀ ਸੰਪਰਦਾ ਵਿੱਚ ਕੋਈ ਫਰਕ ਨਹੀਂ ਸੀ ਜੇ ਫਰਕ ਸੀ ਤੇ ਸਿਰਫ਼ ਏਨਾ ਸੀ ਕਿ ਗੁਰੂ ਨਾਨਕ ਦਾ ਮੱਤ, ਗ੍ਰਹਿਸਤ ਧਰਮ ਦਾ ਮਾਰਗ ਹੈ ਅਤੇ ਉਦਾਸੀ ਮੱਤ ਬਿਹੰਗਮ ਹਨ। ਸੰਤ ਨਿਸ਼ਾਨ ਸਿੰਘ ਜੀ ਨੇ ਬਾਬਾ ਗੁਰਦਿੱਤਾ ਜੀ ਦੇ ਕੌਤਕ, ਬਾਬਾ ਅਲਮਸਤ ਜੀ ਵਲੋਂ ਗੁਰੂ ਹਰਿ ਗੋਬਿੰਦ ਜੀ ਬਖਸ਼ਿਸ਼ ਨਾਲ ਨਾਨਕ ਮਤੇ ਦੀ ਸੇਵਾ ਅਤੇ ਗੁਰੂ ਹਰਿ ਗੋਬਿੰਦ ਸਾਹਿਬ ਦੀਆਂ ਸਾਖੀਆਂ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਨਾਮ ਸਿਮਰਨ ਅਤੇ ਕਥਾ ਵਖਿਆਨ ਉਪਰੰਤ ਰਾਗੀ ਸਿੰਘਾਂ ਨੇ ਕੀਰਤਨ ਕੀਤਾ। ਅੱਜ ਦਾ ਮੇਲਾ ਬਲਬੀਰ ਕੌਰ ਸੁਪਤਨੀ ਸੰਤ ਗੁਰਸੇਵ ਸਿੰਘ ਜੀ (ਪ੍ਰਧਾਨ) ਦੀ ਯਾਦ ਵਿੱਚ ਹੋਇਆ। **ਚਲਦਾ**


## Matrimonial

**Name - Meher kaur**

Father's name - Paravjeet singh Vasir

Gazetted officer (senior chemist) in Geological Survey of India

D.O.B. - 20 / 1 / 98

Qualification - M.Sc. chemistry

Currently preparing for Net /Gate

Height - 5 feet 6 inch (168 cm.)

B.tech. 3rd year student

Mob. 9460286784, 9666082378

# ਸ੍ਰੀ ਸਤਿਗੁਰੂ ਜੀ ਸੰਗੀਤ ਸ਼ਾਸਤਰੀਆਂ ਨੂੰ ਸਿਰੋਪਾਉ ਬਖ਼ਸ਼ਦੇ ਹੋਏ।



Date of Publication: 21 December 2022
Date of Posting: 23 December 2022

RNI NO.55658/93
LDM/008/2021-2023















Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi- 110015.